ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/02 ਫਰਵਰੀ 2017 – ਨਾਨਕਸ਼ਾਹੀ ਮਾਘ-ਫੱਗਣ 548

## ਇਤਿਹਾਸਿਕ ਦਿਹਾੜੇ

### ਫਰਵਰੀ ਅਤੇ ਮਾਰਚ 2017

| | |
|---|---|
| ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਜੀ | 9 ਫਰਵਰੀ (੨੭ ਮਾਘ) |
| ਵੱਡਾ ਘੱਲੂਘਾਰਾ (ਕੁੱਪ ਰਹੀੜਾ) | 9 ਫਰਵਰੀ (੨੭ ਮਾਘ) |
| ਜਨਮ ਭਗਤ ਰਵਿਦਾਸ ਜੀ | 10 ਫਰਵਰੀ (੨੮ ਮਾਘ) |
| ਸਾਕਾ ਨਨਕਾਣਾ ਸਾਹਿਬ | 21 ਫਰਵਰੀ (੧੦ ਫਗਣ) |
| ਜੈਤੋ ਦਾ ਮੋਰਚਾ | 21 ਫਰਵਰੀ (੧੦ ਫਗਣ) |
| ਹੋਲਾ ਮਹੱਲਾ | 13 ਮਾਰਚ (੩੦ ਫੱਗਣ) |

**ਸਾਲਾਨਾ ਜਨਰਲ ਇਕਤ੍ਰਤਾ**
**ਮਿਤੀ 26-2-2017 (ਐਤਵਾਰ) ਸਵੇਰੇ 10.30 ਵਜੇ**
**ਏਜੰਡਾ ਨੋਟਿਸ ਅੰਦਰ ਪੜੋ**

www.gurmatparsar.com


## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਸਾਲਾਨਾ ਜਨਰਲ ਇਕਤ੍ਰਤਾ

**ਮਿਤੀ 26-2-2017 (ਐਤਵਾਰ) ਸਵੇਰੇ 10.30 ਵਜੇ**

ਗੁਰਮਖਿ ਪਿਆਰੇ ਵੀਰ ਜੀਓ/ ਭੈਣ ਜੀਓ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ॥

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦੀ ਸਾਲਾਨਾ ਜਨਰਲ ਇਕੱਤ੍ਰਤਾ, ਐਤਵਾਰ ਮਿਤੀ 26-02-2017 ਨੂੰ ਸਵੇਰੇ 10.30 ਵਜੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਹੋਣੀ ਨੀਯਤ ਹੋਈ ਹੈ । ਸਮੂਹ ਮੈਂਬਰਾਂ ਨੂੰ ਸਮੇਂ ਸਿਰ ਪੁੱਜਣ ਲਈ ਬੇਨਤੀ ਹੈ :-

ਇਕਤ੍ਰਤਾ ਦਾ ਏਜੰਡਾ ਹੇਠ ਲਿਖੇ ਅਨੁਸਾਰ ਹੋਵੇਗਾ :-

(1) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀਆਂ ਗਤੀਵਿਧੀਆਂ ਦੀ ਸਾਲਾਨਾ ਰਿਪੋਰਟ ਅਤੇ ਉਸਦੀ ਪ੍ਰਵਾਨਗੀ ।

(2) ਸੋਸਾਇਟੀ ਦੇ ਸਾਲ 2016-2017 (ਜਨਵਰੀ 2017) ਤੱਕ ਦੇ ਆਮਦਨ ਖਰਚ ਦੇ ਹਿਸਾਬ ਕਿਤਾਬ ਦਾ ਵੇਰਵਾ ਅਤੇ ਉਸਦੀ ਪ੍ਰਵਾਨਗੀ ।

(3) ਸਾਲ 2015-2016 ਦੀ ਆਡਿਟਿਡ ਰਿਪੋਰਟ ਸੂਚਨਾ ਲਈ ਪੇਸ਼ਕਾਰੀ ।

(4) ਸਾਲ 2017-2018 ਵਿੱਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ ਦੀ ਪ੍ਰਵਾਨਗੀ ।

(5) ਸਾਲ 2017-2018 ਵਿੱਚ ਹੋਣ ਵਾਲੇ ਖਰਚਿਆਂ ਦੇ ਬਜਟ ਦੀ ਪ੍ਰਵਾਨਗੀ ।

(6) ਮੈਂਬਰ ਸਾਹਿਬਾਨ ਦੁਆਰਾ ਸੋਸਾਇਟੀ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਣ ਲਈ ਸੁਝਾਓ ।

ਇਹ ਸਾਲਾਨਾ ਜਨਰਲ ਇਕੱਤ੍ਰਤਾ ਹਰ ਸਾਲ ਦੀ ਤਰ੍ਹਾਂ ਪ੍ਰਵਾਰਾਂ ਦੀ ਪ੍ਰੀਤ ਮਿਲਣੀ ਦੇ ਰੂਪ ਵਿੱਚ ਹੋਵੇਗੀ। ਪ੍ਰਵਾਰਾਂ ਸਮੇਤ ਸਮੇਂ ਸਿਰ ਹਾਜ਼ਰੀਆਂ ਭਰਨ ਦੀ ਖੇਚਲ ਕਰਨੀ ਜੀ ।

ਆਪ ਜੀ ਦਾ ਵੀਰ,
(ਪ੍ਰਿੰਸੀਪਲ ਨਰਿੰਦਰ ਬੀਰ ਸਿੰਘ)
ਜਨਰਲ ਸਕੱਤਰ

## ਲੰਗਰ ਦੀ ਸੇਵਾ :-

ਇਕਤ੍ਰਤਾ ਲਈ ਲੰਗਰ ਹਰ ਸਾਲ ਦੀ ਤਰ੍ਹਾਂ ਹੀ ਘਰਾਂ ਤੋਂ ਬਣ ਕੇ ਆਵੇਗਾ । ਜਿਸ ਲਈ ਦਸ - ਦਸ ਪ੍ਰਵਾਰ ਕੋਈ ਇੱਕ ਆਈਟਮ ਅਤੇ 15 ਸਾਦੇ ਪਰਾਂਠੇ ਬਣਾ ਕੇ ਲਿਆਉਣ ਦੀ ਸੇਵਾ ਕਰਨ ।

(1) ਸਾਬਤ ਮੂੰਗੀ 1 ਕਿਲੋ (800 ਗ੍ਰਾਮ ਮੂੰਗੀ / 200 ਗ੍ਰਾਮ ਚਨੇ ਦੀ ਦਾਲ)

(2) ਪਨੀਰ ਇਕ ਕਿਲੋ (ਰੱਸ ਭਿਨਾ)

(3) ਮਿਕਸਡ ਵੈਜੀਟੇਬਲ 2 ਕਿਲੋ (4) ਖੀਰ 3 ਕਿਲੋ ਦੁੱਧ ਦੀ

(5) 20 ਪ੍ਰਵਾਰ ਸਿਰਫ ਪਰਾਂਠੇ ਲਿਆਉਣ ਦੀ ਸੇਵਾ ਕਰਨ

ਆਪ ਜੀ ਜਿਸ ਆਈਟਮ ਦੀ ਵੀ ਸੇਵਾ ਕਰਨਾ ਚਾਹੋ, ਕ੍ਰਿਪਾ ਕਰਕੇ 24-02-2017 ਸ਼ਾਮ ਤੱਕ ਭਾਈ ਹਰਵੀਰ ਸਿੰਘ (ਫੋਨ:9417190438) ਜਾਂ ਜਨਰਲ ਸਕਤੁ (ਫੋਨ: 98761-77803) ਤੇ ਜ਼ਰੂਰ ਇਤਲਾਹ ਦੇ ਦਿਓ ਜੀ ।

# ਸ਼ੁਕਰਾਨਾ ਅਤੇ ਵਧਾਈ

ਅਕਾਲ ਪੁਰਖ ਦੀ ਅਪਾਰ ਮੇਹਰ ਅਤੇ ਸੰਗਤਾਂ ਦੇ ਭਰਪੂਰ ਸਹਿਯੋਗ ਸਦਕਾ ਆਪ ਜੀ ਦੀ ਸੋਸਾਇਟੀ 26-2-2017 ਨੂੰ ਸੰਗਤਾਂ ਦੀ ਸੇਵਾ ਦੇ 20 ਸਾਲ ਸੰਪੂਰਨ ਕਰ ਰਹੀ ਹੈ । ਇਸ ਸਮੇਂ ਦੋਰਾਨ ਤਕਰੀਬਨ 100 ਨੋਜਵਾਨਾ ਨੂੰ ਗੁਰਮਤਿ ਦੇ ਗਿਆਨ ਨਾਲ ਜੋੜ ਕੇ ਅਪਣੇ ਪੈਰਾਂ ਦੇ ਖੜ੍ਹੇ ਹੋਣ ਦੇ ਸਮਰਥ ਕੀਤਾ ਗਿਆ ਜਿਨਾਂ ਨੇ ਪਿੰਡਾਂ ਵਿਚ ਭਰਪੂਰ ਪ੍ਰਚਾਰ ਕੀਤਾ ।

ਸੰਗਤਾਂ ਨੂੰ ਪਾਠ ਬੋਧ ਸਮਾਗਮਾਂ ਰਾਹੀ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾ ਨਾਲ ਜੋੜਨ ਦਾ ਯਤਨ ਕੀਤਾ ਗਿਆ ਅਤੇ ਜੀਵਨ ਜੁਗਤਿ ਸਮਝ ਕੇ ਜੀਵਨ ਘੜਨ ਦੀ ਪ੍ਰੇਰਨਾ ਦਿੱਤੀ ਗਈ ।

ਨੁਕਤਾ ਬੱਧ ਤਰੀਕੇ ਨਾਲ ਲੜੀ ਵਾਰ ਜੀਵਨ ਜੁਗਤਿ ਸਮਾਗਮਾਂ ਨੇ ਸੰਗਤਾਂ ਦੀ ਭਰਪੂਰ ਪ੍ਰਸੰਨਤਾ ਹਾਸਲ ਕੀਤੀ ।

ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਵਿਖੇ ਗੁਰਮਤਿ ਦੀ ਜਾਣਕਾਰੀ ਤੋਂ ਛੁੱਟ ਵਿਦਿਆਰਥੀਆਂ ਨੂੰ ਪੰਜਾਬੀ ਯੁਨੀਵਰਸਿਟੀ, ਪਟਿਆਲਾ ਤੋਂ B.A. ਦੀ ਪੜਾਈ ਵੀ ਕਰਵਾਈ ਜਾ ਰਹੀ ਹੈ ਜਿਸ ਵਿਚ ਗੁਰਮਤਿ ਸੰਗੀਤ ਅਤੇ ਰੀਜਨ ਤੇ ਵਿਸ਼ੇ ਵਿਸ਼ੇਸ਼ ਤੋਰ ਤੇ ਪੜਾਏ ਜਾ ਰਹੇ ਹਨ ਤਾਂ ਜੋ ਕੋਮ ਨੂੰ ਸੁੱਚਜੇ ਕੀਰਤਨੀਏ/ਪ੍ਰਚਾਰਕ ਉਪਲਬੱਧ ਕਰਵਾਏ ਜਾ ਸਕਣ ।

ਇਸ ਤੋਂ ਇਲਾਵਾ ਸੋਸਾਇਟੀ ਨੇ ਗੱਤਕੇ ਦੀ ਇੱਕ ਟੀਮ ਬਣਾਈ ਹੈ ਜਿਸ ਵਿਚ ਤਕਰੀਬਨ 50 ਨੋਜਵਾਨ ਬੱਚੇ/ਬੱਚੀਆਂ ਹਿੱਸਾ ਲੈ ਰਹੇ ਹਨ । ਦੈਨਿਕ ਜਾਗਰਣ ਅਖਬਾਰ ਰਾਹੀ ਜੋਨਲ ਲੈਵਲ ਕਰਵਾਏ ਮੁਕਾਬਲਿਆਂ ਵਿਚ ਸੋਸਾਇਟੀ ਦੇ ਗੱਤਕਾ ਅਖਾੜੇ ਨੇ ਪ੍ਰਥਮ ਸਥਾਨ ਤੇ ਰਿਹਾ ਹੈ । ਸਟੇਟ ਲੈਬਲ ਮੁਕਾਬਲੇ ਵਿਚ ਚੋਥਾ ਸਥਾਨ ਪ੍ਰਾਪਤ ਕੀਤਾ ਹੈ ।

ਅਕਾਲ ਪੁਰਖ ਦੀ ਬਖਸ਼ਿਸ਼ ਅਤੇ ਸੰਗਤਾਂ ਦੀ ਅਸੀਸ ਸਦਕਾ ਸੋਸਾਇਟੀ ਦਿਨ-ਪ੍ਰਤੀ-ਦਿਨ ਅਗੇ ਵੱਧ ਰਹੀ ਹੈ । ਸੋਸਾਇਟੀ ਦੀ ਹੋਂਦ ਦੇ 20 ਸਾਲ ਪੂਰੇ ਹੋਣ ਤੇ ਸਮੂੰਹ ਮੈਂਬਰਾਂ ਨੂੰ ਹਾਰਦਿਕ ਵਧਾਈ ਅਤੇ ਧੰਨਵਾਦਿ ਹੈਂ । ਅਕਾਲ ਪੁਰਖ ਦਾ ਕੋਟਾਨਕੋਟ ਸ਼ੁਕਰ ਹੈ ।

**ਦਾਸਰੇ**

(ਡਾ. ਕੰਵਲਜੀਤ ਸਿੰਘ ਸਲੂਜਾ)
ਮੁੱਖ ਸੇਵਾਦਾਰ

(ਨਰਿੰਦਰ ਬੀਰ ਸਿੰਘ)
ਜਨਰਲ ਸਕਤ੍ਰ

## ਸ਼ੁਕਰਾਨਾ/ਅਰਦਾਸ ਸਮਾਗਮ

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੂੰ ਸੇਵਾ ਨਿਭਾਉਦੇ ੨੦ ਸਾਲ ਪੂਰੇ ਹੋਣ ਤੇ ਸੁਕਰਾਨਾ/ਅਰਦਾਸ ਸਮਾਗਮ

| | | |
|---|---|---|
| ਮਿਤੀ 23-02-2017 | ਵੀਰਵਾਰ | ਗੁਰਮਤਿ ਪ੍ਰਸਾਰ ਭਵਨ ਮੁੰਡੀ ਖਰੜ |
| ਮਿਤੀ 24-02-2017 | ਸ਼ੁੱਕਰਵਾਰ | ਗੁਰਦੁਆਰਾ ਸਾਹਿਬ ਸਾਚਾ ਧੰਨ , ਮੋਹਾਲੀ |
| ਮਿਤੀ 25-02-2017 | ਸ਼ਨੀਵਾਰ | ਗੁਰਦੁਆਰਾ ਸਾਹਿਬ , ਸੈਕਟਰ 34 ,ਚੰਡੀਗੜ |

ਇਹਨਾਂ ਸਮਾਗਮਾਂ ਵਿੱਚ ਗਿਆਨੀ ਸਾਹਿਬ ਸਿੰਘ ਜੀ ਸਾਹਬਾਦ ਮਾਰਕੰਡਾ, ਗਿਆਨੀ ਅਮਰੀਕ ਸਿੰਘ ਜੀ ਚੰਡੀਗੜ, ਗਿਆਨੀ ਰਣਜੀਤ ਸਿੰਘ ਵਿਸ਼ੇਸ਼ ਤੋਰ ਤੇ ਹਾਜ਼ਰੀ ਭਰਣਗੇ ।

# ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ (ਜੀਵਨ ਜੁਗਤਿ)

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

ਮਾਝ ਬਾਰਹਮਾਹਾ (ਮਃ ੫) ਅੰਗ ੧੩੬

**ਪਦ ਅਰਥ**:- ਫਲਗੁਣਿ-ਫੱਗਣ(ਮਹੀਨੇ)ਵਿੱਚ।ਉਪਾਰਜਨਾ-ਉਪਜ,ਪ੍ਰਕਾਸ਼।ਰਾਮ ਕੇ ਸਹਾਈ ਪਰਮਾਤਮਾ ਨਾਲ ਮਿਲਣ ਵਿੱਚ ਸਹਾਇਤਾ ਕਰਨ ਵਾਲੇ ।ਸੇਜ-ਹਿਰਦਾ।ਜਾਇ-ਥਾਂ। ਵਰੁ-ਖਸਮ ਪ੍ਰਭੂ। ਗਾਵਹੀ-ਗਾਵਹਿ,ਗਾਂਦੀਆਂ ਹਨ।ਮੰਗਲੁ-ਖੁਸ਼ੀ ਦਾ ਗੀਤ ,ਆਤਮਕ ਆਨੰਦ ਪੈਦਾ ਕਰਨ ਵਾਲਾ ਗੀਤ, ਸਿਫ਼ਤ-ਸਲਾਹ ਦੀ ਬਾਣੀ ।ਅਲਾਇ-ਉਚਾਰ ਕੇ,ਅਲਾਪ ਕੇ । ਦਿਸਈ-ਦਿੱਸਦਾ । ਲਵੈ-ਨੇੜੈ।ਲਵੈ ਲਾਉਣੇ-ਨੇੜੇ-ਤੇੜੇ,ਇਰਦ ਗਿਰਦ,ਲਵੈ ਨ ਲਾਇ -ਲਵੈ ਲਾਉਣੇ ਨਹੀਂ ਨੇੜੇ ਤੇੜੇ ਦਾ ਨਹੀ ,ਬਰਾਬਰੀ ਕਰਨ ਜੋਗਾ ਨਹੀ । ਹਲਤ-ਇਹ ਲੋਕ ।ਪਲਤ-ਪਰ ਲੋਕ, ਸਵਾਰਿਓਨ-ਉਸ (ਹਰੀ) ਨੇ ਰੱਖ ਲਏ । ਧਾਇ-ਧਾਈ, ਭਟਕਣਾ। ਪਾਇ-ਪੈ ਕੇ। ਤਿਲੁ-ਰਤਾ ਭੀ। ਤਮਾਇ-ਤਮ੍ਹਾ,ਲਾਲਚ।

**ਅਰਥ**:- (ਸਿਆਲੀ ਰੁੱਤ ਦੀ ਕਰੜੀ ਸਰਦੀ ਪਿੱਛੋਂ ਬਹਾਰ ਪਿਰਨ ਤੇ ਫੱਗਣ ਦੇ ਮਹੀਨੇ ਵਿੱਚ ਲੋਕ ਹੋਲੀਆਂ ਦੇ ਰੰਗ ਤਮਾਸ਼ਿਆਂ ਦੀ ਰਾਹੀਂ ਖੁਸ਼ੀਆਂ ਮਨਾਂਦੇ ਹਨ,ਪਰ)ਫੱਗਣ ਵਿੱਚ (ਉਹਨਾਂ ਜੀਵ ਇਸਤਰੀਆਂ ਦੇ ਅੰਦਰ) ਆਤਮਕ ਅਨੰਦ ਪੈਦਾ ਹੁੰਦਾ ਹੈ ,ਜਿਨ੍ਹਾਂ ਦੇ ਹਿਰਦੇ ਵਿੱਚ ਸੱਜਣ-ਹਰੀ ਪਰਤੱਖ ਆ ਵੱਸਦਾ ਹੈ ਪਰਮਾਤਮਾ ਨਾਲ ਮਿਲਣ ਵਿੱਚ ਸਹਾਇਤਾ ਕਰਨ ਵਾਲੇ ਸੰਤ ਜਨ ਮਿਹਰ ਕਰ ਕੇ ਉਹਨਾਂ ਨੂੰ ਪ੍ਰਭੂ ਨਾਲ ਜੋੜ ਦਿੰਦੇ ਹਨ ਉਹਨਾ ਦੀ ਹਿਰਦਾ ਸੇਜ ਸੁੰਦਰ ਬਣ ਜਾਂਦੀ ਹੈ,ਉਹਨਾਂ ਨੂੰ ਸਾਰੇ ਹੀ ਸੁੱਖ ਪ੍ਰਾਪਤ ਹੋ ਜਾਂਦੇ ਹਨ ਫਿਰ ਦੁੱਖਾ ਲਈ (ਉਹਨਾਂ ਦੇ ਹਿਰਦੇ ਵਿੱਚ) ਕਿਤੇ ਰਤਾ ਥਾਂ ਨਹੀ ਰਹਿ ਜਾਂਦੀ ਉਹਨਾਂ ਵਡਭਾਗਣ ਜੀਵ-ਇਸਤਰੀਆਂ ਦੀ ਮਨੋ ਕਾਮਣਾ ਪੂਰੀ ਹੋ ਜਾਂਦੀ ਹੈ,ਉਹਨਾਂ ਨੂੰ ਹਰੀ ਪ੍ਰਭੂ ਖਸਮ ਮਿਲ ਪੈਦਾ ਹੈ ,ਉਹ ਸੰਤ ਸੰਗੀ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫਤਿ ਸਲਾਹ ਦੇ ਗੀਤ ਅਲਾਪ ਕੇ ਆਤਮਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪਰਮਾਤਮਾ ਵਰਗਾ ਕੋਈ ਹੋਰ ,ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਹਨਾਂ ਨੂੰ ਕਿਤੇ ਦਿੱਸਦਾ ਹੀ ਨਹੀਂ।

ਉਸ ਪ੍ਰਮਾਤਮਾ ਨੇ (ਉਹਨਾਂ ਸਤ-ਸੰਗੀਆਂ ਦਾ) ਲੋਕ ਪਰਲੋਕ ਸਵਾਰ ਦਿੱਤਾ ਹੈ,ਉਹਨਾ ਨੂੰ (ਆਪਣੇ ਚਰਨਾ ਵਿੱਚ ਲਿਵ-ਲੀਨਤਾ ਵਾਲੀ ) ਐਸੀ ਥਾਂ ਬਖਸ਼ੀ ਹੈ,ਜੋ ਕਦੇ ਢੋਲਦੀ ਨਹੀਂ ਪ੍ਰਭੂ ਨੇ ਸੰਸਾਰ ਸਮੁੰਦਰ ਤੋਂ ਉਹਨਾਂ ਨੂੰ (ਹੱਥ ਦੇ ਕੇ) ਰੱਖ ਲਿਆਂ ਹੈ ,ਜਨਮਾ ਦੇ ਗੇੜ ਵਿੱਚ ਮੁੜ ਉਹਨਾਂ ਦੀ ਦੌੜ ਭੱਜ ਨਹੀ ਹੁੰਦੀ।

ਹੇ ਨਾਨਕ (ਆਖ) ਸਾਡੀ ਇੱਕ ਜੀਭ ਹੈ ,ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀ ਉਹਨਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ,ਪਰ)ਜਿਹੜੇ ਜੀਵ ਉਸ ਦੀ ਚਰਨੀਂ ਪੈਂਦੇਂ ਹਨ (ਉਸ ਦਾ ਆਸਰਾ ਤੱਕਦੇ ਹਨ)ਉਹ ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ ।

ਫੱਗਣ ਦੇ ਮਹੀਨੇ ਵਿੱਚ (ਹੋਲੀਆਂ ਆਦਿਕ ਵਿੱਚੋਂ ਅਨੰਦ ਲੱਭਣ ਦੇ ਥਾਂ)ਸਦਾ ਉਸ ਪਰਮਾਤਮਾ ਦੀ ਸਿਫ਼ਤਿ-ਸਲਾਹ ਕਰਨੀ ਚਾਹੀਦੀ ਹੈ,ਜਿਸ ਨੂੰ (ਆਪਣੀ ਵਡਿਆਈ ਕਰਾਣ ) ਦਾ ਰਤਾ ਭਰ ਵੀ ਲਾਲਚ ਨਹੀਂ ਹੈ (ਇਸ ਵਿੱਚ ਸਾਡਾ ਹੀ ਭਲਾ ਹੈ ।

# ਸ੍ਰੀ ਨਨਕਾਣਾ ਸਾਹਿਬ

ਪ੍ਰੋ. ਕਰਤਾਰ ਸਿੰਘ ਐਮ.ਏ.

ਸ੍ਰੀ ਨਨਕਾਣੇ ਸਾਹਿਬ ਦਾ ਮਹੰਤ ਨਰਾਇਣ ਦਾਸ ਬੜਾ ਹੀ ਐਬੀ ਤੇ ਵੈਲੀ ਸੀ। ਉਸ ਦੇ ਆਚਰਨ ਤੇ ਵਤੀਰੇ ਵਿਰੁੱਧ ਅਣਗਿਣਤ ਸ਼ਿਕਾਇਤਾਂ ਸਨ। ਉਹ ਤੇ ਉਸ ਦੇ ਚੇਲੇ ਤੇ ਸਾਥੀ ਸ਼ਰਾਬ ਪੀਂਦੇ ਅਤੇ ਅਨੇਕ ਤਰ੍ਹਾਂ ਦੇ ਅਨਰਥ ਕਮਾਉਂਦੇ ਸਨ। ਦਰਸ਼ਨ ਕਰਨ ਆਈਆਂ ਇਸਤ੍ਰੀਆਂ ਦੀ ਬੇਪਤੀ ਕੀਤੀ ਜਾਂਦੀ ਸੀ ਤੇ ਕਈਆਂ ਦੇ ਜ਼ਬਰਨ ਸਤ ਭੰਗ ਕੀਤੇ ਜਾਂਦੇ ਸਨ। ਅਗਸਤ ਸੰਨ 1917 ਵਿੱਚ ਗੁਰਦੁਆਰਾ ਜਨਮ ਅਸਥਾਨ ਵਿੱਚ ਕੰਜਰੀਆਂ ਦਾ ਮੁਜਰਾ ਕਰਾਇਆ ਗਿਆ। ਇਸ ਪਰ ਸਿੱਖ ਪੰਥ ਵਿੱਚ ਸਖਤ ਰੰਜ ਮਨਾਇਆ ਗਿਆ। ਅਖਬਾਰਾਂ ਵਿੱਚ ਜ਼ੋਰਦਾਰ ਐਜੀਟੇਸ਼ਨ ਹੋਇਆ। ਸਿੰਘ-ਸਭਾਵਾਂ ਨੇ ਮਤੇ ਪਾਸ ਕੀਤੇ, ਜਿਨ੍ਹਾਂ ਰਾਹੀਂ ਗੁਰਦੁਆਰੇ ਦੀ ਬੇ-ਅਦਬੀ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ ਅਤੇ ਸਰਕਾਰ ਨੂੰ ਕਿਹਾ ਗਿਆ ਕਿ ਅਜੇਹੀਆਂ ਕਾਰਵਾਈਆਂ ਨੂੰ ਰੋਕਣ ਦਾ ਪ੍ਰਬੰਧ ਕਰੇ। ਪਰ ਨਾ ਮਹੰਤ ਨੇ ਕੋਈ ਪ੍ਰਵਾਹ ਕੀਤੀ ਅਤੇ ਨਾ ਹੀ ਸਰਕਾਰ ਨੇ ਕੋਈ ਕਾਰਵਾਈ ਕੀਤੀ।

ਸੰਨ 1918 ਵਿੱਚ ਇਕ ਸਿੰਧੀ ਸ਼ਰਧਾਲੂ ਨਨਕਾਣੇ ਸਾਹਿਬ ਦੇ ਦਰਸ਼ਨ ਕਰਨ ਗਿਆ। ਸ਼ਾਮ ਦੇ 'ਰਹਰਾਸਿ' ਦੇ ਦੀਵਾਨ ਵੇਲੇ ਇਕ ਪੁਜਾਰੀ ਸਾਧ ਨੇ ਉਸ ਸਿੰਧੀ ਦੀ 13 ਸਾਲ ਦੀ ਬੱਚੀ ਨਾਲ ਜਬਰਨ ਬੁਰਾ ਕੰਮ ਕੀਤਾ। ਉਸੇ ਸਾਲ ਜੜ੍ਹਾਂ ਵਾਲੇ ਇਲਾਕੇ ਦੀਆਂ 6 ਇਸਤਰੀਆਂ ਪੂਰਨਮਾਸ਼ੀ ਵਾਲੇ ਦਿਨ ਗੁਰਦੁਆਰੇ ਗਈਆਂ ਤੇ ਰਾਤ ਉਥੇ ਰਹੀਆਂ। ਰਾਤ ਨੂੰ ਸਾਧਾਂ ਨੇ ਸਾਰੀਆਂ ਦਾ ਜ਼ਬਰਨ ਸਤ ਭੰਗ ਕੀਤਾ। ਇਹੋ ਜਿਹੀਆਂ ਵਾਰਦਾਤਾਂ ਹੁੰਦੀਆਂ ਹੀ ਰਹਿੰਦੀਆਂ ਸਨ।

ਸ੍ਰੀ ਨਨਕਾਣਾ ਸਾਹਿਬ ਵਿੱਚ ਇਹ ਕੁਰੀਤੀਆਂ ਤੇ ਅਨਰਥ ਹੁੰਦਾ ਵੇਖ ਕੇ, ਅਕਤੂਬਰ ਸੰਨ 1920 ਦੇ ਸ਼ੁਰੂ ਵਿੱਚ ਪਿੰਡ ਧਾਰੋਵਾਲੀ ਜ਼ਿਲਾ ਸ਼ੇਖੂਪੁਰਾ ਵਿੱਚ ਇਕ ਭਾਰੀ ਦੀਵਾਨ ਕੀਤਾ ਗਿਆ, ਜਿਸ ਵਿੱਚ ਸਾਰੇ ਮਾਮਲੇ ਉੱਪਰ ਵਿਚਾਰ ਕੀਤੀ ਗਈ ਅਤੇ ਇਕ ਗੁਰਮਤੇ ਰਾਹੀਂ ਮਹੰਤ ਨੂੰ ਕਿਹਾ ਗਿਆ ਕਿ ਉਹ ਆਪਣਾ ਤੇ ਗੁਰਦੁਆਰੇ ਦੇ ਪ੍ਰਬੰਧ ਦਾ ਸੁਧਾਰ ਕਰੇ। ਮਹੰਤ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਸੁਧਾਰ ਕਰਨ ਦੇ ਥਾਂ ਉਸ ਨੇ ਪੰਥ ਦਾ ਟਾਕਰਾ ਕਰਨ ਅਤੇ ਉਪੱਦਰ ਕਮਾਉਣ ਦੀ ਤਿਆਰੀ ਆਰੰਭ ਦਿੱਤੀ। ਆਸ-ਪਾਸ ਦੇ ਇਲਾਕੇ ਵਿੱਚੋਂ ਉਸ ਨੇ 400 ਗੁੰਡੇ ਮੰਗਵਾ ਕੇ ਗੁਰਦੁਆਰੇ ਉਦਾਲੇ ਪਹਿਰੇ ਲਗਵਾ ਦਿਤੇ। ਫੇਰ ਉਸ ਨੇ ਸਾਧਾਂ ਤੇ ਮਹੰਤਾਂ ਦਾ ਇਕ ਇਕੱਠ ਸੱਦਿਆ, ਜਿਸ ਵਿੱਚ ਸੁਧਾਰਕਾਂ ਦਾ ਟਾਕਰਾ ਕਰਨ ਦੀਆਂ ਵਿਉਂਤਾ ਤਿਆਰ ਕੀਤੀਆਂ ਗਈਆਂ ਅਤੇ 60,000 ਰੁਪਿਆ ਇਕੱਠਾ ਕੀਤਾ ਗਿਆ। ਨਾਲ ਹੀ ਮਹੰਤ ਹਥਿਆਰ ਇਕੱਠੇ ਕਰਨ ਲੱਗ ਪਿਆ। ਉਸ ਨੇ ਬਹੁਤ ਸਾਰੇ ਪੱਕੇ ਬਦਮਾਸ਼ ਵੀ ਨੌਕਰ ਰੱਖ ਲਏ।

ਮਹੰਤ ਦੀਆਂ ਕੁਰੀਤੀਆਂ, ਕਾਰਵਾਈਆਂ ਤੇ ਤਿਆਰੀਆਂ ਵੇਖ ਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਆਪਣੇ 26 ਜਨਵਰੀ ਸੰਨ 1921 ਦੇ 'ਜਨਰਲ ਸਮਾਗਮ' ਵਿੱਚ ਗੁਰਮਤਾ ਪਾਸ ਕੀਤਾ ਕਿ 4-5 ਤੇ 6 ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿੱਚ ਸਾਰੇ ਪੰਥ ਦਾ ਬਹੁਤ ਭਾਰੀ ਦੀਵਾਨ ਕੀਤਾ ਜਾਵੇ, ਜਿਸ ਵਿੱਚ ਮਹੰਤ ਨੂੰ ਆਪਣੇ ਆਪ ਦਾ ਅਤੇ ਗੁਰਦੁਆਰਾ ਪ੍ਰਬੰਧ ਦਾ ਸੁਧਾਰ ਕਰਨ ਲਈ ਕਿਹਾ ਜਾਵੇ। ਉਸ ਸਮੇਂ ਪੁੱਜਣ ਵਾਲੇ ਲੱਖਾਂ ਸਿੱਖਾਂ ਵਾਸਤੇ ਲੰਗਰ ਆਦਿ ਦੇ ਪ੍ਰਬੰਧ ਕਰਨ ਲਈ ੬ ਫਰਵਰੀ ਨੂੰ ਇਕ ਕਮੇਟੀ ਬਣਾਈ ਗਈ।

ਮਹੰਤ ਨੇ ਸੋਚਿਆ ਕਿ ਹੁਣ ਮੈਨੂੰ ਕੁਝ ਕਰਨਾ ਪਵੇਗਾ। ਉਸ ਨੇ ਫੌਜੀ ਤਿਆਰੀ ਆਰੰਭੀ। ਉਹ ਬੰਦੂਕਾਂ, ਦਾਰੂ-ਸਿੱਕਾ ਤੇ ਛਵੀਆਂ-ਗੰਡਾਸੇ ਇਕੱਠੇ ਕਰਨ ਲੱਗ ਪਿਆ। ਉਸ ਨੇ 28 ਪਠਾਣ

ਨੌਕਰ ਰੱਖ ਲਏ ਅਤੇ ਕੁਝ ਮੁਸਲਮਾਨ ਆਲੇ-ਦੁਆਲਿਓ ਤੇ ਮਾਝੇ ਵਿੱਚੋਂ ਭਰਤੀ ਕੀਤੇ। ਗੁਰਦੁਆਰੇ ਦੇ ਦਰਵਾਜ਼ੇ ਲੋਹੇ ਦੇ ਲਾਏ ਗਏ ਅਤੇ ਉਨ੍ਹਾਂ ਵਿੱਚ ਦੀ ਗੋਲੀਆਂ ਚਲਾਉਣ ਲਈ ਮੋਰੀਆਂ ਕੀਤੀਆਂ ਗਈਆਂ, ਜਦ ਉਹ ਪੂਰੀ-ਪੂਰੀ ਤਿਆਰੀ ਕਰ ਬੈਠਾ ਤਾਂ ਉਸ ਨੇ ਆਪਣੇ ਅਖਬਾਰ 'ਸੰਤ ਸੇਵਕ' ਵਿੱਚ ਖੁਲ੍ਹੇ ਤੌਰ 'ਤੇ ਕਹਿ ਦਿੱਤਾ ਕਿ **ਜੇ ਸਿੱਖ ਨਨਕਾਣੇ ਸਾਹਿਬ ਆਏ ਤਾਂ ਉਨ੍ਹਾਂ ਦੀ ਮਿੱਝ ਕੱਢ ਦਿੱਤੀ ਜਾਵੇਗੀ।**

ਮਹੰਤ ਨੇ 7 ਫਰਵਰੀ ਨੂੰ ਆਪਣੇ ਹਮਾਇਤੀਆਂ 'ਤੇ ਇਲਾਕੇ ਦੇ ਭੱਟੀ ਮੁਸਲਮਾਨਾਂ ਦਾ ਇਕੱਠ ਕੀਤਾ ਅਤੇ ਉਨ੍ਹਾਂ ਪਾਸੋਂ ਸਹੁੰਆਂ ਖੁਆ ਕੇ ਇਕਰਾਰ ਲਿਆ ਕਿ ਅਸੀਂ ਮਹੰਤ ਦੀ ਖਾਤਰ ਅਕਾਲੀਆਂ ਨਾਲ ਡੱਟ ਕੇ ਲੜਾਂਗੇ। ਮੰਗਲ ਸਿੰਘ ਕੂਕੇ ਨੇ ਵੀ ਇਸ ਇਕੱਠ ਵਿੱਚ ਤਕਰੀਰ ਕੀਤੀ। ਫੇਰ 14 ਫਰਵਰੀ ਨੂੰ ਇਕ ਹੋਰ ਇਕੱਠ ਕਰ ਕੇ ਮਹੰਤ ਨੇ ਮਤਾ ਪਕਾਇਆ **ਕਿ ਜਦ 5 ਮਾਰਚ ਨੂੰ ਸਾਰਾ ਪੰਥ ਨਨਕਾਣੇ ਸਾਹਿਬ ਜੁੜੇ, ਤਾਂ ਸਿੱਖ ਆਗੂਆਂ ਨੂੰ ਸਮਝੌਤੇ ਦਾ ਪੱਜ ਲਾ ਕੇ ਗੁਰਦੁਆਰੇ ਦੇ ਅੰਦਰ ਸੱਦਿਆ ਜਾਵੇ ਅਤੇ ਕਤਲ ਕਰ ਦਿੱਤਾ ਜਾਵੇ।**

ਸਾਰੇ ਪੰਥ ਵਿੱਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ ਜੋਸ਼ ਠਾਠਾਂ ਮਾਰ ਰਿਹਾ ਸੀ। ਜ਼ਿਲ੍ਹਾ ਸ਼ੇਖੂਪੁਰਾ ਤੇ ਲਾਇਲਪੁਰ ਵਿੱਚ ਦੀਵਾਨ ਕੀਤੇ ਗਏ। ਭਾਈ ਲਛਮਣ ਸਿੰਘ ਜੀ ਧਾਰੋਵਾਲੀ ਨੇ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। 17 ਫਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿੱਚ ਮੁਖੀ ਸਿੰਘਾਂ ਦੀ ਇਕੱਤਰਤਾ ਹੋਈ, ਜਿਸ ਵਿੱਚ ਜਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ।

ਭਾਈ ਲਛਮਣ ਸਿੰਘ ਜੀ ਧਾਰੋਵਾਲੀ ਅਤੇ ਭਾਈ ਕਰਤਾਰ ਸਿੰਘ 'ਝੱਬਰ' ਇਸ ਮਤਲਬ ਲਈ ਜਥੇ ਤਿਆਰ ਕਰ ਰਹੇ ਸਨ। ਜਦ ਉਨ੍ਹਾਂ ਨੂੰ ਮਹੰਤ ਦੀ 14 ਫਰਵਰੀ ਨੂੰ ਕੀਤੀ ਸਲਾਹ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਫੈਸਲਾ ਕੀਤਾ ਕਿ ਪੰਥਕ ਇਕੱਠ ਲਈ ਮਿਥੇ ਦਿਨ ਤੋਂ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਪਹੁੰਚਿਆ ਜਾਵੇ ਅਤੇ ਮਹੰਤ ਦਾ ਇਹ ਕਾਰਾ ਰੋਕਿਆ ਜਾਵੇ। ਫੈਸਲਾ ਇਹ ਹੋਇਆ ਕਿ 19 ਫਰਵਰੀ ਦੀ ਸ਼ਾਮ ਨੂੰ ਦੋਵੇਂ ਜਥੇ ਸ੍ਰੀ ਨਨਕਾਣਾ ਸਾਹਿਬ ਤੋਂ ਕੁਝ ਮੀਲ ਦੂਰ ਪਿੰਡ ਚੰਦਰ ਕੋਟ ਪਹੁੰਚਣ ਅਤੇ ਅਗਲੇ ਦਿਨ ਸ੍ਰੀ ਨਨਕਾਣੇ ਸਾਹਿਬ ਜਾਣ।

ਉਧਰੋਂ 19 ਫਰਵਰੀ ਨੂੰ 'ਅਕਾਲੀ' ਅਖਬਾਰ ਲਾਹੌਰ ਦੇ ਦ ਤਰ ਵਿੱਚ ਸਿੱਖ ਮੁਖੀਆਂ ਦੀ ਇਕੱਤਰਤਾ ਹੋਈ, ਜਿਸ ਵਿੱਚ ਫੈਸਲਾ ਹੋਇਆ ਕਿ ਪੰਥਕ ਇਕੱਠ ਵਾਸਤੇ ਮਿਥੀ ਗਈ ਉੱਪਰ ਦੱਸੀ ਤਾਰੀਖ ਤੋਂ ਪਹਿਲਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ। ਭਾਈ ਕਰਤਾਰ ਸਿੰਘ 'ਝੱਬਰ' ਤੇ ਭਾਈ ਲਛਮਣ ਸਿੰਘ ਵੱਲ ਬੰਦੇ ਭਜਾਏ ਗਏ ਕਿ ਉਹ ਉਨ੍ਹਾਂ ਨੂੰ ਜਥੇ ਲਿਜਾਣੋਂ ਰੋਕਣ। ਜਿਹੜੇ ਬੰਦੇ ਭਾਈ ਕਰਤਾਰ ਸਿੰਘ 'ਝੱਬਰ' ਵੱਲ ਗਏ, ਉਹ ਤਾਂ ਉਸ ਨੂੰ ਖਰੇ ਸੌਦੇ ਜਾ ਮਿਲੇ ਅਤੇ ਚੋਖੀ ਬਹਿਸ ਕਰ ਕੇ ਉਨ੍ਹਾਂ ਦੇ ਜਥੇ ਨੂੰ ਜਾਣੋਂ ਰੋਕ ਲਿਆ। ਖਰੇ ਸੌਦੇ ਤੋਂ ਇਕ ਸੱਜਣ, ਸ: ਦਲੀਪ ਸਿੰਘ ਸ਼ਹੀਦ, ਦੋਂਹ ਸਾਥੀਆਂ ਸਮੇਤ ਚੰਦਰ ਕੋਟ ਪਹੁੰਚਿਆ, ਪਰ ਭਾਈ ਲਛਮਣ ਸਿੰਘ ਉਥੇ ਨਾ ਮਿਲਿਆ। ਸ: ਦਲੀਪ ਸਿੰਘ ਨਨਕਾਣਾ ਸਾਹਿਬ ਚਲਿਆ ਗਿਆ।

ਭਾਈ ਲਛਮਣ ਸਿੰਘ ਜੀ 19 ਤਾਰੀਖ ਦੀ ਸ਼ਾਮ ਨੂੰ ਹਨੇਰੇ ਹੋਏ ਪਿੰਡੋਂ ਜਥਾ ਲੈ ਕੇ ਤੁਰ ਪਏ। ਉਨ੍ਹਾਂ ਦੇ ਨਾਲ 200 ਸਿੰਘ ਸਨ। ਉਹ 20 ਫਰਵਰੀ, ਸੰਨ 1921 ਨੂੰ ਸਵੇਰੇ 6 ਵਜੇ ਸ੍ਰੀ ਨਨਕਾਣਾ

ਸਾਹਿਬ ਪਹੁੰਚੇ । ਗੁਰਦੁਆਰੇ ਦੇ ਪਾਸ ਪਹੁੰਚੇ ਤਾਂ ਉਨ੍ਹਾਂ ਨੂੰ ਰੋਕਣ ਲਈ ਸ: ਦਲੀਪ ਸਿੰਘ ਦਾ ਭੇਜਿਆ ਬੰਦਾ ਮਿਲਿਆ । ਉਸ ਨੇ ਜਥੇ ਨੂੰ ਮੋੜਨ ਵਾਸਤੇ ਬੜਾ ਜ਼ੋਰ ਲਾਇਆ, ਪਰ ਉਨ੍ਹਾਂ ਨੇ ਉੱਤਰ ਦਿੱਤਾ ਕਿ ਅਸੀਂ ਅਰਦਾਸਾ ਸੋਧ ਕੇ ਆਏ ਹਾਂ, ਹੁਣ ਗੁਰਦੁਆਰੇ ਦੇ ਦਰਸ਼ਨ ਜ਼ਰੂਰ ਕਰਨੇ ਹਨ, ਪਿਛਾਂਹ ਨਹੀਂ ਮੁੜਨਾ । ਜਥਾ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਦਰਸ਼ਨਾਂ ਲਈ ਚਲਿਆ ਗਿਆ । ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬਹਿ ਗਏ ।

ਮਹੰਤ ਨਰਾਇਣ ਦਾਸ ਨੇ ਜਥੇ ਨੂੰ ਮਾਰ ਮੁਕਾਉਣ ਦੀ ਤਿਆਰੀ ਕੀਤੀ ਹੋਈ ਸੀ, ਮਿੱਟੀ ਦੇ ਤੇਲ ਦੇ ਪੀਪੇ, ਲੱਕੜਾਂ, ਛਵ੍ਹੀਆਂ, ਗੰਡਾਸੇ, ਬੰਦੂਕਾਂ ਤੇ ਕਾਰਤੂਸ ਚੋਖੇ ਮੰਗਵਾਏ ਹੋਏ ਸਨ ਅਤੇ ਬਹੁਤ ਸਾਰੇ ਗੁੰਡੇ ਬਦਮਾਸ਼ ਵੀ ਸੱਦੇ ਹੋਏ ਸਨ । ਜਦ ਜਥਾ ਜਨਮ ਅਸਥਾਨ ਦੇ ਅੰਦਰ ਦਾਖਲ ਹੋ ਗਿਆ ਤਾਂ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਅਤੇ ਜਥੇ ਉੱਪਰ ਗੋਲੀਆਂ ਦੀ ਬਰਖਾ ਕੀਤੀ ਗਈ । ਫੇਰ ਛਵ੍ਹੀਆਂ ਤੇ ਗੰਡਾਸਿਆਂ ਨਾਲ ਸਿੱਖਾਂ ਨੂੰ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ । ਭਾਈ ਲਛਮਣ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਿਆਂ ਨੂੰ ਹੀ ਸ਼ਹੀਦ ਕਰ ਦਿੱਤਾ ਗਿਆ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿੱਚ ਕਈ ਗੋਲੀਆਂ ਲੱਗੀਆਂ । ਕਈ ਸਿੰਘ ਜੀਉਂਦੇ ਹੀ ਤੇਲ ਪਾ ਕੇ ਸਾੜੇ ਗਏ ।

ਸਰਦਾਰ ਦਲੀਪ ਸਿੰਘ ਜੀ ਸ਼ਹੀਦ ਉਸ ਵੇਲੇ ਸ: ਉੱਤਮ ਸਿੰਘ ਦੇ ਕਾਰਖਾਨੇ ਵਿੱਚ ਸਨ । ਜਦ ਉਨ੍ਹਾਂ ਨੇ ਗੋਲੀਆਂ ਦੀ ਆਵਾਜ਼ ਸੁਣੀ, ਤਾਂ ਉਹ ਗੁਰਦੁਆਰੇ ਵੱਲ ਵਗ ਤੁਰੇ । ਜਦ ਉਹ ਗੁਰਦੁਆਰੇ ਦੇ ਨੇੜੇ ਪੁੱਜੇ, ਤਾਂ ਮਹੰਤ ਦੇ ਬੰਦਿਆਂ ਨੇ ਉਸ ਦੇ ਹੁਕਮ ਨਾਲ ਸਰਦਾਰ ਹੋਰਾਂ ਉੱਪਰ ਛਵ੍ਹੀਆਂ ਤੇ ਗੰਡਾਸਿਆਂ ਨਾਲ ਹੱਲਾ ਕੀਤਾ ਅਤੇ ਉਨ੍ਹਾਂ ਨੂੰ ਫੱਟੜ ਕਰ ਕੇ ਭਖਦੀ ਭੱਠੀ ਵਿੱਚ ਸੁੱਟ ਦਿੱਤਾ ।

ਇਸ ਖੂਨੀ ਸਾਕੇ ਤੋਂ ਅਗਲੇ ਦਿਨ, 21 ਫਰਵਰੀ ਸੰਨ 1921 ਨੂੰ, ਮੁਖੀ ਸਿੱਖ ਅਤੇ ਅਨ-ਗਿਣਤ ਸਿੱਖ ਸੰਗਤਾਂ ਸ੍ਰੀ ਨਨਕਾਣੇ ਸਾਹਿਬ ਪੁੱਜ ਗਈਆਂ, ਉਸੇ ਦਿਨ ਸ਼ਾਮ ਨੂੰ ਸਰਕਾਰ ਨੇ ਗੁਰਦੁਆਰਾ ਜਨਮ ਅਸਥਾਨ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤੀਆਂ । ਇਸ ਤਰ੍ਹਾਂ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥ ਵਿੱਚ ਆ ਗਿਆ । 23 ਫਰਵਰੀ ਨੂੰ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ । ਇਸ ਸਾਕੇ ਨੇ ਸਾਰੇ ਪੰਥ ਨੂੰ ਤੜਪਾ ਦਿੱਤਾ ਤੇ ਇਸ ਦੀ ਯਾਦ ਵਿੱਚ ਲੱਖਾਂ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੇ ਹੁਕਮ ਮੁਜਬ, ਕਾਲੇ ਦਸਤਾਰੇ ਸਜਾਏ ।

ਮਹੰਤ ਨਰਾਇਣ ਦਾਸ ਅਤੇ ਉਸ ਦੇ ਕੁਝ ਸਾਥੀਆਂ ਉੱਤੇ ਸਰਕਾਰ ਨੇ ਮੁਕੱਦਮਾ ਚਲਾਇਆ । ਸੈਸ਼ਨ ਜੱਜ ਨੇ ਮਹੰਤ ਤੇ ਉਸ ਦੇ 7 ਸਾਥੀਆਂ ਨੂੰ ਫਾਂਸੀ ਦੀ, ਅੱਠਾਂ ਨੂੰ ਕਾਲੇ ਪਾਣੀ ਦੀ ਅਤੇ 16 ਪਠਾਣਾਂ ਨੂੰ 7-7 ਸਾਲ ਦੀ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ । ਅਪੀਲ ਹੋਣ ਉੱਤੇ ਹਾਈ ਕੋਰਟ ਨੇ ਮਹੰਤ ਦੀ ਫਾਂਸੀ ਦੀ ਸਜ਼ਾ ਹਟਾ ਕੇ ਕਾਲੇ ਪਾਣੀ ਦੀ ਕਰ ਦਿੱਤੀ । ਉਸ ਦੇ ਕੇਵਲ ਤਿੰਨਾਂ ਸਾਥੀਆਂ ਦੀ ਫਾਂਸੀ ਸਜ਼ਾ ਕਾਇਮ ਰਹੀ ਅਤੇ ਅੱਠਾਂ ਵਿੱਚੋਂ ਕੇਵਲ ਦੋਂਹ ਦੀ ਕਾਲੇ ਪਾਣੀ ਦੀ ਸਜ਼ਾ ਕਾਇਮ ਰਹੀ । ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ ।

ਕੁਝ ਚਿਰ ਮਗਰੋਂ ਸ੍ਰੀ ਨਨਕਾਣਾ ਸਾਹਿਬ ਦੇ ਮਾਲ ਜੀ ਸਾਹਿਬ, ਕਿਆਰਾ ਸਾਹਿਬ, ਬਾਲ ਲੀਲ੍ਹਾ ਸਾਹਿਬ ਆਦਿ ਗੁਰਦੁਆਰੇ ਵੀ ਪੰਥਕ ਪ੍ਰਬੰਧ ਹੇਠ ਆ ਗਏ ।

**ਧੰਨਵਾਦਿ ਸਹਿਤ ਵਿਚੋਂ :-**

**ਸਿੱਖ ਇਤਿਹਾਸ ਭਾਗ-੨ (ਸ਼੍ਰੋ. ਗੁ. ਪ੍ਰੰ. ਕਮੇਟੀ) ਸ੍ਰੀ ਅੰਮ੍ਰਿਤਸਰ**

# ਵੱਡਾ ਘਲੂਘਾਰਾ

**ਸ.ਬਲਵਿੰਦਰ ਸਿੰਘ 'ਸਾਗਰ'**

ਸਮੁਚਾ ਸਿੱਖ ਇਤਿਹਾਸ ਸਘੰਰਸ਼ ਦੀ ਮਹਾਨ ਗਾਥਾ ਹੈ । ਸਘੰਰਸ਼ ਦੀ ਆਰੰਭਤਾ ਧੰਨ ਗੁਰੂ ਨਾਨਕ ਦੇਵ ਜੀ ਦੇ ਸਮੇਂ ਉਦੋਂ ਹੋਈ ਜਦੋਂ ਗੁਰੂ ਜੀ ਨੇ ਗਰੀਬ ਮਜ਼ਲੂਮ ਜਨਤਾ ਤੇ ਬਾਬਰ ਵਲੋਂ ਢਾਏ ਜਾ ਰਹੇ ਜ਼ੁਲਮਾਂ ਵਿਰੁਧ ਆਵਾਜ਼ ਬਲੰਦ ਕੀਤੀ । ਬਾਬਰ ਨੂੰ ਜਾਬਰ ਕਹਿ ਕੇ ਜਨਤਕ ਤੌਰ ਤੇ ਭੰਡਿਆ । ਸਿਟੇ ਵਜੋ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਦੀ ਜੇਲ ਵਿਚ ਜਾਣਾ ਪਿਆ ਅਤੇ ਚੱਕੀ ਪੀਸਣੀ ਪਈ । ਮੁਗਲਾਂ ਦੀਆਂ ਜ਼ਿਆਤੀਆਂ ਅਤੇ ਜੁਲਮ ਵਿਰੁਧ ਬਾਬਾ ਨਾਨਕ ਜੀ ਵਲੋਂ ਆਵਾਜ਼ ਬਲੰਦ ਕਰਨ ਨਾਲ ਹੀ ਸੰਘਰਸ਼ ਸ਼ੁਰੂ ਹੋ ਗਿਆ । ਪਾਤਸ਼ਾਹ ਨੇ ਇਸ ਦਾ ਜ਼ਿਕਰ ਬਾਬਰ ਬਾਣੀ ਵਿੱਚ ਵੀ ਕੀਤਾ ਤੇ ਫੁਰਮਾਇਆ ।

'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ '.......(ਅੰਕ ੩੬੦)

ਪਰ ਨਾਲ ਹੀ ਜਬਰ ਜ਼ੁਲਮ ਦਾ ਟਾਕਰਾ ਕਰਨ ਦਾ ਇਹ ਉਪਦੇਸ਼ ਵੀ ਦਿਤਾ ਤੇ ਹੁਕਮ ਕੀਤਾ ਕਿ

ਜਉ ਤਉ ਪ੍ਰੇਮ ਖੇਲਣ ਕਾ ਚਾਉ ।। ਸਿਰੁ ਧਰਿ ਤਲੀ ਗਲੀ ਮੇਰੀ ਆਉ ।।<br>
ਇਤੁ ਮਾਰਗਿ ਪੈਰੁ ਧਰੀਜੈ ।। ਸਿਰੁ ਦੀਜੈ ਕਾਣਿ ਨ ਕੀਜੈ ॥...(ਅੰਕ ੧੪੧੨)

ਸਿਧਾਂਤਕ ਤੌਰ ਤੇ ਇਹ ਜ਼ੁਲਮ ਤੇ ਜਬਰ ਵਿਰੁਧ ਉਠੀ ਆਵਾਜ਼ ਹੀ ਸੀ ।ਜਿਸਦੀ ਸੰਪੂਰਨਤਾ ੧੬੯੯ ਵਿਚ ਖਾਲਸੇ ਦੀ ਸਿਰਜਣਾ ਨਾਲ ਹੋਈ । ਸਮੁਚਾ ਸਿਖ ਇਤਿਹਾਸ ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਪਾਵਨ ਬਚਨ ਤੇ ਆਧਾਰਿਤ ਹੈ । ਜ਼ੁਲਮ ਤੇ ਜ਼ਾਲਮ ਨੂੰ ਰੋਕਣ ਦੀ ਦਾਸਤਾਂ ਹੈ । ਭਾਵੇਂ ਉਹ ਪੰਚਮ ਪਾਤਸ਼ਾਹ ਦੀ ਸ਼ਹਾਦਤ ਹੋਵੇ ਜਾਂ ਗੁਰੂ ਹਰਗੋਬਿੰਦ ਜੀ ਵਲੋਂ ਲੜੀਆਂ ਜੰਗਾਂ ਹੋਣ । ਉਪਰੰਤ ਤੇਗ ਬਹਾਦਰ ਜੀ ਦੀ ਅਜ਼ੀਮ ਸ਼ਹਾਦਤ , ਸਾਹਿਬਜ਼ਾਦਿਆਂ ਦੀ ਸ਼ਹਾਦਤ, ਮਾਤਾ ਗੁਜਰੀ ਜੀ ਦੀ ਸ਼ਹਾਦਤ ਅਨੇਕ ਸਿਘਾਂ, ਸਿਘੰਣੀਆਂ ਅਤੇ ਬਚਿਆਂ ਦੀ ਸ਼ਹਾਦਤ । ਸਾਰਾ ਸਿੱਖ ਇਤਿਹਾਸ ਜ਼ੁਲਮ ਦੀ ਵਿਰੋਧਤਾ ਦਾ ਸੰਘਰਸ਼ ਹੈ ।

ਅਗੇ ਚਲੀਏ, ਸੰਨ ੧੭੦੮ ਵਿੱਚ ਦਸਮ ਪਿਤਾ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਬਾਬਾ ਬੰਦਾ ਸਿੰਘ ਬਹਾਦਰ ਦਾ ਸਮਾਂ ਆਇਆ। ਔਰੰਗਜ਼ੇਬ ਅਤੇ ਉਸਦੇ ਅਹਿਲਕਾਰਾਂ ਵਲੋਂ ਢਾਏ ਘਿਨਾਉਣੇ ਜ਼ੁਲਮਾਂ ਦਾ ਨਵਾਂ ਅਧਿਆਏ ਸ਼ੁਰੂ ਹੋਇਆ । ਦਿੱਲੀ ਦੇ ਹਾਕਮਾਂ ਦੀ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦੀ ਜਿੱਦ ਹਰ ਦਿਨ ਜ਼ੁਲਮਾਂ 'ਚ' ਵਾਧਾ ਕਰਦੀ ਗਈ । ਸਰਕਾਰਾਂ ਬਦਲਦੀਆਂ ਰਹੀਆਂ ਪਰ ਰਾਜ ਕਰਨ ਵਾਲਿਆਂ ਦੀ ਜ਼ਹਿਨੀਅਤ ਨਹੀਂ ਬਦਲੀ । ਗ਼ਰੀਬ ਜਨਤਾ ਨੂੰ ਦਬਾਉਣਾ,ਉਨ੍ਹਾਂ ਦੀ ਸੰਸਕ੍ਰਿਤੀ, ਧਰਮ ਅਤੇ ਸਭਿਆਚਾਰ ਨੂੰ ਮਿਟਾਉਣਾ,ਮਨੁਖੀ ਕਦਰਾਂ ਕੀਮਤਾਂ ਦਾ ਘਾਣ ਕਰਨਾ ਹੀ ਸਾਰੀਆਂ ਸਰਕਾਰਾਂ ਦੀ ਮਾਨਸਿਕਤਾ ਬਣੀ ਰਹੀ।

ਅਜਿਹਾ ਹੀ ਇੱਕ ਸਮਾਂ ਸੰਨ ੧੭੬੨ ਵਿੱਚ ਵੀ ਆਇਆ । ਇਸੇ ਸਮੇਂ ਅਹਿਮਦ-ਸ਼ਾਹ ਦੂਰਾਨੀ ਛੇਂਵੀ ਵਾਰ ਭਾਰਤ ਤੇ ਚੜ੍ਹ ਕੇ ਆਇਆ। ਮੁਗਲਾਂ ਦੇ ਸੂਹੀਏ ਅਕੀਲ ਦਾਸ ਨਿਰੰਜਣੀਏ ਜੰਡਿਆਲੇ ਵਾਲੇ ਨੇ ਸਿੱਖਾਂ ਦੀਆਂ ਗਤੀਵਿਧੀਆਂ ਤੇ ਦਿਨੋਂ ਦਿਨ ਵਧ ਰਹੀ ਤਾਕਤ ਵਿਰੁਧ ਦੂਰਾਨੀ ਦੇ ਕੰਨ ਭਰੇ। ਦੂਰਾਨੀ ਨੇ ਸਿੱਖਾਂ ਨੂੰ ਕੁਚਲਣ ਅਤੇ ਸਜ਼ਾ ਦੇਣ ਦੀ ਮਨਸ਼ਾ ਨਾਲ ਲਾਹੌਰ ਵਲ ਕੂਚ ਕੀਤਾ। ਸਿੱਖ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਅਤੇ ਚੜ੍ਹਤ ਸਿੰਘ ਸ਼ੁਕਰਚਕੀਆ ਨੇ ਦੁਸ਼ਮਨ ਦੀ ਇਸ ਹਰਕਤ ਦੀ ਖਬਰ ਲਗ ਗਈ । ਸੋ ਫੈਸਲਾ ਕੀਤਾ ਗਿਆ ਕਿ ਦੂਰਾਨੀ ਨਾਲ ਟਾਕਰਾ ਅਮ੍ਰਿਤਸਰ-ਲਾਹੌਰ ਨਾ ਕਰਕੇ ਮਾਲਵੇ ਵਿਚ ਕੀਤਾ ਜਾਵੇ ਤਾਂ ਕਿ ਯੁਧ ਦੀ ਤਿਆਰੀ ਲਈ ਸਮਾਂ ਮਿਲ ਸਕੇ। ਦੂਸਰੇ

ਵਹੀਰ ਵਿਚ ਸ਼ਾਮਲ ੧੦੦੦੦ ਬੀਬੀਆਂ, ਬੱਚੇ ਅਤੇ ਬਜ਼ੁਰਗਾਂ ਨੂੰ ਬਚਾ ਕੇ ਸੁਰਖਿਅਤ ਰਾਜਸਥਾਨ ਭੇਜਿਆ ਜਾ ਸਕੇ । ਸੋ ਸਿੰਘਾਂ ਨੇ ਸਤਲੁਜ ਪਾਰ ਮਾਲਵੇ ਵੱਲ ਚਾਲੇ ਪਾ ਦਿੱਤੇ । ਇਸ ਵਹੀਰ ਵਿੱਚ ੪੦੦੦੦ ਸਿੱਖ ਸ਼ਾਮਲ ਸਨ । ਦੁਰਾਨੀ ਨੇ ਸਰਹਿੰਦ ਦੇ ਸੂਬੇਦਾਰ ਜ਼ੈਨ ਖਾਨ ਨੂੰ ਆਦੇਸ਼ ਕੀਤਾ ਕਿ ਉਸਦੇ ਪਹੁੰਚਣ ਤੱਕ ਉਹ ਸਿੱਖਾਂ ਨੂੰ ਇਥੇ ਹੀ ਅਟਕਾਈ ਰਖੇ । ਉਹ ਚਾਹੁੰਦਾ ਸੀ ਕਿ ਜ਼ੈਨਖਾਨ ਨਾਲ ਮਿਲ ਕੇ ਉਹ ਖੁਦ ਸਿੱਖਾਂ ਨੂੰ ਮਾਰੇ । ਜ਼ੈਨ ਖਾਨ ਨੇ ਅਜਿਹਾ ਹੀ ਕੀਤਾ । ਉਸਨੇ ਸਿਖਾਂ ਨੂੰ ਮਾਲਵੇ ਵਿਚ ਅਗੇ ਵਧਣੋ ਰੋਕਿਆ । ਇਸੇ ਦੌਰਾਨ ਮਲੇਰਕੋਟਲਾ ਵਾਲਾ ਭੀਖਨ ਖਾਨ ਵੀ ਜ਼ੈਨ ਖਾਨ ਦੀ ਮਦਦ ਤੇ ਪੁਜ ਗਿਆ । ਇਸ ਘਟਨਾ ਦਾ ਜ਼ਿਕਰ ਇਤਿਹਾਸ ਵਿੱਚ ਇੰਜ ਮਿਲਦਾ ਹੈ ।

ਔਰ ਸ਼ਾਹ ਪੇ ਗਏ ਹਕਾਰੇ । ਸਿੰਘ ਆਏ ਹੈ ਦਾਇ ਹਮਾਰੇ ।<br>
ਹਮ ਇਤ ਵੱਲ ਤਹ ਰਾਖਨ ਘੇਰ। ਤੁਮ ਇਨ ਮਾਰੋ ਹੋਣ ਸਵੇਰ ।

ਅੰਤ ੫ ਫਰਵਰੀ ੧੭੬੨ ਨੂੰ ਮਲੇਰਕੋਟਲੇ ਤੋਂ ੧੨ ਕਿ: ਮੀ. ਉਤਰ ਵੱਲ ਕੁਪ- ਰਹੀੜਾ ਦੇ ਅਸਥਾਨ ਤੇ ਯੁਧ ਹੋਇਆ। ਤੜਕਸਾਰ ਜ਼ੈਨ ਖਾਨ ਸਰਹਿੰਦੀ ਅਤੇ ਭੀਖਨ ਖਾਨ ਮਲੇਰਕੋਟੀਏ ਨੇ ਸਿੱਖਾਂ ਤੇ ਅਚਾਨਕ ਹਮਲਾ ਕਰ ਦਿੱਤਾ । ਇਸ ਹਮਲੇ ਨੂੰ ਸਿੱਖਾਂ ਨੇ ਪਛਾੜ ਦਿੱਤਾ । ਪਰ ਪਿਛੋਂ ਅਹਿਮਦ ਸ਼ਾਹ ਦੀ ਵਡੀ ਫੌਜ ਜੋ ਮਾਰੂ ਹਥਿਆਰਾਂ ਨਾਲ ਲੈਸ ਸੀ ਨੇ ਹਮਲਾ ਕਰ ਦਿਤਾ । ਸਿੱਖ ਫੌਜ ਲਈ ੧੦੦੦੦ ਬੀਬੀਆਂ, ਬਚੇ ਅਤੇ ਬਜ਼ੁਰਗ ਵਡੀ ਔਕੜ ਬਣ ਗਏ । ਸਿੱਖ ਜਰਨੈਲਾ ਨੇ ਇਨ੍ਹਾਂ ਨੂੰ ਸੁਰਖਿਆ ਘੇਰੇ ਵਿੱਚ ਲੈ ਕੇਂ ਕੁਝ ਸਿੱਖਾਂ ਸਮੇਤ ਬਰਨਾਲੇ ਵਲ ਨੂੰ ਵਧਣਾ ਸ਼ੁਰੂ ਕੀਤਾ । ਸਿੰਘ ਇਸ ਸਮੇਂ ਗੁਰੀਲਾ ਯੁਧ ਨਹੀ ਸਨ ਕਰ ਸਕਦੇ ਜਿਸ ਕਰਕੇ ਵਡਾ ਜਾਨੀ ਨੁਕਸਾਨ ਹੋਇਆ ।ਦਿਨ ਭਰ ਹਥੋਂ ਹਥੀ ਲੜਾਈ ਜਾਰੀ ਰਹੀ । ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਸ ਲੜਾਈ ਵਿੱਚ ੨੫੦੦੦ ਤੋਂ ੩੦੦੦੦ ਸਿੱਖ ਸ਼ਹੀਦ ਹੋਏ । ਸਿੱਖ ਜਰਨੈਲ ਜਸਾ ਸਿੰਘ ਆਹਲੂਵਾਲੀਆ ਦੇ ਸਰੀਰ ਤੇ ੨੨ ਜ਼ਖਮ ਸਨ । ਜਰਨੈਲ ਚੜ੍ਹਤ ਸਿੰਘ ਸ਼ੁਕਰਚਕੀਆ ਦੇ ਸ਼ਰੀਰ ਤੇ ੧੯ ਤੱਕ ਜਖਮ ਲਗੇ । ਭਾਰੀ ਜਾਨੀ ਮਾਲੀ ਨੁਕਸਾਨ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਵੀ ਨਾ ਬਚਾਈ ਜਾ ਸਕੀ । ਇਸ ਘਲੂਘਾਰੇ ਵਿੱਚ ੭੦ % ਫੌਜ ਅਤੇ ਆਮ ਸਿੱਖ ਸ਼ਹੀਦ ਹੋਏ । । ਪਰ ਸਿੰਘਾਂ ਨੇ ਆਪਣੀ ਜਾਨ ਤੇ ਖੇਡ ਕੇ ਬੀਬੀਆਂ, ਬਚਿਆਂ ਅਤੇ ਬਜ਼ੁਰਗਾਂ ਨੂੰ ਬਚਾ ਲਿਆ । ਸਿੱਖ ਇਹ ਲੜਾਈ ਤਾਂ ਹਾਰ ਗਏ ਪਰ ਹੌਂਸਲਾ ਨਹੀਂ ਹਾਰੇ । ਸਿੱਖਾਂ ਨੇ ਹਾਰ ਨਹੀਂ ਮੰਨੀ ਹੌਸਲੇ ਨਹੀ ਛੱਡੇ । ਸਿੱਖ ਵਹੀਰ ਨੂੰ ਬਚਾ ਕੇ ਬਰਨਾਲੇ ਵਲ ਵਧਦੇ ਰਹੇ । ਸ਼ਾਮ ਤੱਕ ਲੜਾਈ ਘੱਟ ਹੋਈ । ਸਿੱਖ ਕਿਉਂਕਿ ਇਸ ਇਲਾਕੇ ਦੇ ਜਾਣੂੰ ਸਨ , ਅਗੇ ਵਧਦੇ ਗਏ । ਪਰ ਥਕਨ ਤੇ ਪਿਆਸ ਮਾਰਿਆ ਅਹਿਮਦ ਸ਼ਾਹ ਫੋਜਾਂ ਸਮੇਤ ਰੇਤਲੇ ਅਣਜਾਣ ਇਲਾਕੇ ਵਲ ਅਗੇ ਨ ਵਧਿਆ । ਸ਼ਾਮ ਨੂੰ ਸਿੱਖਾਂ ਨੇ ਇਕਠੇ ਹੋ ਕੇ ਗੁਰਮਤਾ ਕੀਤਾ ਕਿ ਇਸ ਲੜਾਈ ਚ ਹੋਏ ਨੁਕਸਾਨ ਦਾ ਬਦਲਾ ਛੇਤੀ ਹੀ ਲਿਆ ਜਾਵੇਗਾ । ਉਨ੍ਹਾ ਨੇ ਜ਼ੈਨ ਖਾਨ ਸਰਹਿੰਦੀ ਨੂੰ ਸਬਕ ਸਿਖਾਉਣ ਦਾ ਸੰਕਲਪ ਕੀਤਾ।

ਸਿਰਫ ੩ ਮਹੀਨੇ ਬਾਦ ਹੀ ਮਈ ੧੭੬੨ ਵਿੱਚ ਸਿੱਖਾਂ ਨੇ ਫਿਰ ਜ਼ੈਨ ਖਾਨ ਸਰਹਿੰਦੀ ਤੇ ਹਮਲਾ ਕਰ ਦਿੱਤਾ । ਸਿੰਘਾਂ ਦੀ ਫਤਿਹ ਹੋਈ । ਹਾਰ ਖਾ ਕੇ ਜ਼ੈਨ ਖਾਨ ਨੇ ਸਿੰਘਾ ਅਗੇ ਗੋਵੇ ਟੇਕ ਦਿਤੇ । ਸੁਲਹ ਲਈ ਬੇਨਤੀ ਕੀਤੀ । ਸਿਘਾਂ ਨੇ ਜ਼ੈਨ ਖਾਨ ਨੂੰ ੫੦੦੦੦ ਰੁਪੈ ਬਤੌਰ ਜੁਰਮਾਨਾ ਲਾਇਆ । ਜ਼ੈਨ ਖਾਨ ਨੇ ੫੦੦੦੦ ਰੁਪਏ ਹਰਜਾਨਾ ਭਰ ਕੇ ਜਾਨ ਬਚਾਈ । ਇਸ ਪਿਛੋਂ ਸਿਰਫ ੨ ਮਹੀਨੇ ਪਿਛੋਂ ਹੀ ਜੁਲਾਈ ਅਗਸਤ ੧੭੬੨ ਵਿੱਚ ਲਾਹੌਰ ਤੇ ਚੜ੍ਹਾਈ ਕੀਤੀ । ਲਾਹੌਰ ਦੀਆਂ ਫੋਜਾਂ ਦਾ ਭਾਰੀ ਜਾਨੀ - ਮਾਲੀ ਨੁਕਸਾਨ ਕੀਤਾ । ਅਹਿਮਦ ਸ਼ਾਹ ਦੁਰਾਨੀ ਇਸ ਸਮੇਂ ਪੰਜਾਬ ਵਿੱਚ ਹੀ ਸੀ । ਪਰ ਸਿੰਘਾਂ ਦੀ ਬਹਾਦਰੀ ਦ੍ਰਿੜਤਾ ਅਤੇ ਸਿਰੜ ਅੱਗੇ ਉਹ ਬੇਬਸ ਸੀ । ਸਿੱਖਾਂ ਨੇ ਫਿਰ ਆਪਣਾ ਲੋਹਾ ਮਨਵਾਇਆ ਤੇ ਜਾਬਰਾਂ ਨੂੰ ਭਾਜੜਾਂ ਪਾ ਦਿੱਤੀਆ । ਇਥੋਂ ਹੀ ਪੰਜਾਬ ਅਤੇ ਉਤਰੀ ਭਾਰਤ ਵਿੱਚੋਂ ਮੁਗਲਾਂ ਦੇ ਪੈਰ ਉਖੜ ਗਏ । ਫਰਵਰੀ ੨੦੧੯ ਵਿੱਚ ਅਸੀ ਆਪਣੇ ਮਾਣ ਮਤੇ ਇਤਿਹਾਸ ਨੂੰ ਯਾਦ ਕਰਕੇ ਮਹਾਨ ਸ਼ਹੀਦਾਂ ਅੱਗੇ ਸਤਿਕਾਰ ਸਹਿਤ ਸਿਰ ਝੁਕਾਉਂਦੇ ਹਾਂ ।

# ਭਾਈ ਹੀਰਾ ਸਿੰਘ ਜੀ ਰਾਗੀ

ਰੂਪ ਸਿੰਘ

ਭਾਈ ਹੀਰਾ ਸਿੰਘ ਅਜੇਹੇ ਅਨੇਕਾਂ ਲਿਸ਼ਕਦੇ ਪਹਿਲੂਆਂ ਵਾਲੇ ਹੀਰੇ ਸਨ, ਜਿਨ੍ਹਾਂ ਦੇ ਜੀਵਨ ਦੇ ਕਿਸੇ ਪਹਿਲੂ ਨੂੰ ਵੀ ਦੇਖਿਆ ਜਾਵੇ ਤਾਂ ਉਧਰੋਂ ਹੀ ਪੂਰੇ ਸੂਰੇ ਨਜ਼ਰ ਪੈਂਦੇ ਹਨ। ਉਹਨਾਂ ਦੇ ਜੀਵਨ ਦੇ ਹਾਲਾਤ ਜਿਉਂ-ਜਿਉਂ ਮੈਂ ਵਾਚਦਾ ਗਿਆ, ਸੰਚਿਤ ਕੀਤੀ ਸੈਂਚੀ ਅਤੇ ਰਿਪੋਰਟ ਵਿਚ ਦੇਖਦਾ ਗਿਆ, ਮੇਰਾ ਅੰਦਰਲਾ ਸ਼ਰਧਾ ਦੇ ਰੰਗ ਨਾਲ ਭਰ ਕੇ ਅੱਖਾਂ ਥੀਂ ਵਗਦਾ ਰਿਹਾ। ਮੁੜ-ਮੁੜ ਖਿਆਲ ਉਭਰਦੇ ਰਹੇ, ਅਜੇਹਾ ਲਾਸਾਨੀ ਪੰਥ ਸੇਵਕ, ਅਜੇਹਾ ਨਿਰਮਾਣ ਪ੍ਰਚਾਰਕ, ਅਜੇਹਾ ਨਿਰਲੋਭ ਕੀਰਤਨੀਆਂ, ਅਦਭੁਤ ਵਿਆਖਿਆਕਾਰ ਕੀ ਸਿੱਖ ਪੰਥ ਵਿਚ ਏਸ ਸਦੀ ਕੋਈ ਹੋਰ ਵੀ ਹੋਇਆ ਹੈ ? ਜਿੰਨੇ ਗੁਣ ਭਾਈ ਹੀਰਾ ਸਿੰਘ ਜੀ ਵਿਚ ਸਨ, ਏਨੇ ਕਿਸੇ ਹੋਰ ਵਿਚ ਹੋਣ ਤਦ ਹੀ ਉਸ ਉਪਰ ਉਂਗਲੀ ਟਿਕਾਈ ਜਾ ਸਕੇ ? ਏਨੇ ਸੁੰਦਰ ਗੁਣਾਂ ਤੇ ਰਸਭਿੰਨੀਆ ਸੁਗੰਧੀਆ ਦਾ ਗੁਲਦਸਤਾ ਕਿਸੇ ਇਕ ਵਿਅਕਤੀ ਦੇ ਰੂਪ ਵਿਚ ਬੱਝਿਆ ਹੋਵੇ, ਤਦ ਹੀ ਕਿਸੇ ਦਾ ਜ਼ਿਕਰ ਕੀਤਾ ਜਾ ਸਕੇ ? ਇਹ ਉਪਰੋਕਤ ਵੀਚਾਰ ਸਿੰਘ ਸਭਾ ਪਤ੍ਰਿਕਾ ਦੇ ਭਾਈ ਹੀਰਾ ਸਿੰਘ ਅੰਕ (ਨਵੰਬਰ ੧੯੭੯) ਵਿਚ ਪ੍ਰਸਿੱਧ ਵਿਦਵਾਨ ਗਿਆਨੀ ਗੁਰਦਿੱਤ ਸਿੰਘ ਜੀ ਦੇ ਹਨ। ਇਸੇ ਸੰਦਰਭ ਵਿਚ ਡਾ: ਬਲਬੀਰ ਸਿੰਘ ਨੇ ਇਕ ਥਾਂ ਲਿਖਿਆ ਹੈ, ਕਿ ਭਾਈ ਮਰਦਾਨਾ ਰਬਾਬੀ ਨਹੀਂ, ਰਬਾਬ ਸੀ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਭਾਈ ਹੀਰਾ ਸਿੰਘ ਕੀਰਤਨੀਆਂ ਨਹੀਂ, ਕੀਰਤਨ ਹੀ ਸੀ।

ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਦਾ ਜਨਮ ਸੰਨ ੧੯੭੯ ਈ: ਵਿਚ ਇਕ ਪਛੜੇ ਤੇ ਮੁਸਲਮਾਨੀ ਇਲਾਕੇ ਦੇ ਪਿੰਡ ਫਿਰੂਕਾ (ਪਾਕਿਸਤਾਨ) ਵਿਖੇ ਭਾਈ ਭਾਗ ਸਿੰਘ ਦੇ ਗ੍ਰਹਿ ਮਾਤਾ ਸਤ ਭਿਰਾਈ ਜੀ ਦੀ ਕੁਖੋਂ ਹੋਇਆ। ਆਪਣੇ ਸੁਬਾਐ ਤੇ ਸੰਤ-ਰੂਪ ਮਾਤਾ ਦੇ ਸ਼ੁਭ ਗੁਣ ਗ੍ਰਹਿਣ ਕਰਦਿਆਂ ਅਤੇ ਆਪਣੇ ਗੁਰਮੁਖ ਦਾਦਾ ਭਾਈ ਜੀਵਨ ਸਿੰਘ ਦੀ ਗੋਦੀ ਵਿਚ ਗੁਰਬਾਣੀ ਸੁਣਦਿਆਂ ਤੇ ਪੜ੍ਹਦਿਆਂ ਇਹ ਬਾਲਕ ਵੱਡਾ ਹੋਇਆ। ਫਿਰ ਗੁਰਮਤਿ ਦੇ ਵਿਦਵਾਨ ਭਾਈ ਮਾਹਣਾ ਸਿੰਘ ਜੀ ਤੋਂ ਗੁਰਬਾਣੀ ਤੇ ਗੁਰ-ਇਤਿਹਾਸ ਦੀ ਸਿਖਿਆ ਪ੍ਰਾਪਤ ਕਰਕੇ ਤੇ ਸੰਗੀਤ ਆਪਣੇ ਪਿਤਾ ਤੋਂ ਵਿਰਸੇ ਵਿਚ ਲੈ ਕੇ ਯੁਵਕ ਅਵਸਥਾ ਵਿਚ ਸ੍ਰੀ ਅੰਮ੍ਰਿਤਸਰ ਗੁਰੂ ਰਾਮਦਾਸ ਜੀ ਦੇ ਦਰਬਾਰ ਪੁੱਜੇ। ਇਥੇ ਸੇਵਾ ਸਿਮਰਨ ਦੇ ਨਾਲ ਸ੍ਰ: ਅਤਰ ਸਿੰਘ ਜੀ ਦੀ ਸ਼ੁਭ ਸੰਗਤ ਚੋਂ ਨਾਮ ਦੀ ਰੰਗਣ ਚੜ੍ਹੀ ਹੈ ਤੇ ਸਤਿਸੰਗ ਪ੍ਰਾਪਤ ਹੋਇਆ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ, ਜਿਸ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਇਹਨਾਂ ਸਾਰਿਆਂ ਵਿਅਕਤੀਆਂ ਦਾ ਪ੍ਰਭਾਵ ਭਾਈ ਹੀਰਾ ਸਿੰਘ ਦੀ ਸ਼ਖਸੀਅਤ ਦੇ ਵਿਕਾਸ ਪਰ ਪੈਣਾ ਸੁਭਾਵਿਕ ਸੀ।

੧੯੯੭-੯੮ ਈ: ਵਿਚ ਜਦੋਂ ਭਾਈ ਹੀਰਾ ਸਿੰਘ ਨੇ ਕੀਰਤਨ ਕਰਨਾ ਅਰੰਭ ਕੀਤਾ ਸੀ, ਲਾਊਡ ਸਪੀਕਰ ਦਾ ਯੁੱਗ ਨਹੀਂ ਸੀ। ਭਾਈ ਸਾਹਿਬ ਦੇ ਕੀਰਤਨਾਂ ਵਿਚ ਹਾਜ਼ਰੀ ਕਾਫੀ ਹੁੰਦੀ। ਸੰਗਤਾਂ ਨੀਯਤ ਸਮੇਂ ਤੋਂ ਪਹਿਲਾਂ ਆ ਜੁੜਦੀਆਂ ਤਾਂ ਜੋ ਅੱਗੇ ਜਗ੍ਹਾ ਲੱਭ ਸਕੇ।

ਭਾਈ ਤੇਜਾ ਸਿੰਘ ਜੀ ਕੋਹਲੀ ਨੇ ਗੁਰਮਤਿ ਪ੍ਰਕਾਸ਼ (ਮਾਰਚ ੧੯੬੪) ਵਿਚ ਲਿਖਿਆ ਸੀ, ਇਹ ਗੱਲ ਨਿਰਸੰਦੇਹ ਹੈ ਕਿ ਇਕ ਵਾਰੀ ਵੀ ਜਿਸ ਸ਼ਖਸ ਨੇ ਭਾਈ ਹੀਰਾ ਸਿੰਘ ਜੀ ਦਾ ਕੀਰਤਨ ਤੇ ਵਿਆਖਿਆ ਸੁਣੀ ਤੇ ਉਨ੍ਹਾਂ ਦੇ ਗੁਰੂ-ਚਰਨਾਂ ਨਾਲ ਜੁੜੇ ਮਨ ਅਤੇ ਗੁਰਬਾਣੀ ਨਾਲ ਅੰਦਰੋਂ-ਬਾਹਰੋਂ ਫੁੱਟ-ਫੁੱਟ ਪੈਂਦੇ ਪ੍ਰੇਮ ਦੀ ਦਸ਼ਾ ਵੇਖੀ, ਉਹ ਪਹਿਲਾਂ ਵਰਗਾ ਨਾ ਰਹਿ ਸਕਦਾ। ਉਹ ਬਦਲ ਜਾਂਦਾ। ਉਹ ਸਚਾਈ, ਧਰਮ ਅਤੇ ਵਧੀਆ ਇਨਸਾਨੀਅਤ ਦੀ ਲੋਚਾ ਵਿਚ ਤੜਪ ਉੱਠਦਾ।

ਭਾਈ ਹੀਰਾ ਸਿੰਘ ਜਿਸ ਸ਼ਹਿਰ ਵਿਚ ਜਾਂਦੇ ਉਥੇ ਹਿੰਦੂ-ਮੁਸਲਮਾਨ-ਸਿੱਖ-ਈਸਾਈ ਸਾਰੇ

ਹੀ ਉਹਨਾਂ ਦਾ ਅੰਮ੍ਰਿਤਮਈ ਕੀਰਤਨ ਸੁਣਨ ਲਈ ਆਉਂਦੇ। ਇਕ ਵਾਰੀ ਆਪ ਗਵਾਲੀਅਰ ਵਿਚ ਕੀਰਤਨ ਕਰ ਰਹੇ ਸਨ। ਉਹਨਾਂ ਦੀ ਸੁਰੀਲੀ ਅਤੇ-ਰਸੀਲੀ ਆਵਾਜ਼ ਤੋਂ ਧੁਰ ਦੀ ਬਾਣੀ ਦੇ ਬੋਲ ਇਕ ਮੁਸਲਮਾਨ ਹਾਜੀ ਮੁਹੰਮਦ ਮਸਕੀਨ ਨੇ ਸੁਣੇ। ਉਸ ਦਾ ਹਿਰਦਾ ਤੜਪ ਉਠਿਆ ਤੇ ਉਹ ਆਪ ਦੇ ਕੋਲ ਆਇਆ। ਉਸ ਨੇ ਕਿਹਾ, 'ਮੈਂ' ਜੀਵਨ ਦੇ ਪੰਜਾਹ ਸਾਲ ਮੱਕੇ ਮਦੀਨੇ ਵਿਚ ਰਿਹਾਂ ਹਾਂ। ਮੇਰੀ ਉਮਰ ਇਸ ਸਮੇਂ ਸੱਤਰ ਸਾਲ ਦੀ ਹੈ। ਮੈਂ ਮੱਕੇ ਵਿਚ ਬੈਠ ਕੇ, ਮਨ ਨੂੰ ਖੁਦਾਵੰਦ ਕਰੀਮ ਦੇ ਚਰਨੀ ਜੋੜ ਕੇ ਨੌ ਮਣ, ਚੌਦਾਂ ਸੇਰ ਚੰਦਨ ਵਿਚੋਂ, ਇਕ ਲੱਖ ਪੰਜਤਾਲੀ ਹਜ਼ਾਰ ਵਾਲਾਂ ਤੋਂ ਬਰੀਕ ਤਾਰਾਂ ਤਿਆਰ ਕਰਕੇ ਇਕ ਚੰਦਨ ਦਾ ਚੌਵਰ ਤਿਆਰ ਕੀਤਾ ਹੈ। ਇਸ ਨੂੰ ਤਿਆਰ ਕਰਨ ਵਿਚ ਪੰਜ ਸਾਲ ਸੱਤ ਮਹੀਨੇ ਲੱਗੇ ਹਨ। ਇਹ ਮੈਂ ਕਿਸੇ ਪਵਿੱਤਰ ਸਥਾਨ ਤੇ ਭੇਟਾ ਕਰਨਾ ਚਾਹੁੰਦਾ ਹਾਂ। ਮੈਨੂੰ ਆਪ ਦਾ ਕੀਰਤਨ ਸੁਣ ਕੇ ਬੜਾ ਆਨੰਦ ਆਇਆ ਹੈ। ਭਾਈ ਸਾਹਿਬ ਦੀ ਪ੍ਰੇਰਨਾ ਸਦਕਾ ਉਸ ਨੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਅਤੇ ਚੰਦਨ ਦਾ ਚੌਵਰ ਬੜੇ ਪਿਆਰ ਅਤੇ ਅਦਬ ਨਾਲ ਭੇਟਾ ਕੀਤਾ। ਜਿਸ ਚੰਦਨ ਦੇ ਚੌਵਰ ਦੇ ਅਸੀਂ ਤੋਸ਼ਾਖਾਨਾ ਸ੍ਰੀ ਦਰਬਾਰ ਸਾਹਿਬ ਵਿਚ ਦਰਸ਼ਨ ਕਰਦੇ ਹਾਂ ਉਸਨੂੰ ਹਾਜ਼ੀ ਮੁਹੰਮਦ ਮਸਕੀਨ ਨੇ ਹੀ ਭੇਟ ਕੀਤਾ ਸੀ। ਅਜਿਹੀਆਂ ਹੋਰ ਵੀ ਬਹੁਤ ਘਟਨਾਵਾਂ ਭਾਈ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਸਾਡਾ ਮਨ ਉਨ੍ਹਾਂ ਪ੍ਰਤੀ ਸ਼ਰਧਾ ਨਾਲ ਝੁਕ ਜਾਂਦਾ ਹੈ।

ਭਾਈ ਸਾਹਿਬ ਨੇ ਜੀਵਨ ਭਰ ਨਿਰੋਲ ਗੁਰਮਤਿ ਦਾ ਪ੍ਰਚਾਰ ਕੀਤਾ। ਆਪਣੀ ਜਾਦੂ-ਬਿਆਨੀ ਨਾਲ ਹਜ਼ਾਰਾਂ ਮਨੁੱਖਾਂ ਕੋਲੋਂ ਨਸ਼ਿਆਂ ਅਤੇ ਹੋਰ ਕੁਰੀਤੀਆਂ ਦਾ ਤਿਆਗ ਕਰਵਾਇਆ। ਗੁਰ-ਮਰਿਯਾਦਾ ਅਨੁਸਾਰ ਅਨੰਦ ਕਾਰਜ ਦੀ ਰਸਮ ਨੂੰ ਪ੍ਰਚਲਤ ਕੀਤਾ। ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰ ਨਮਿੱਤ ਦਿਲ ਹਿਲਾ ਦੇਣ ਵਾਲੀ ਵਿਆਖਿਆ ਨਾਲ ਸੁੱਤੀ ਕੌਮ ਨੂੰ ਜਗਾਇਆ। ਬੇਅੰਤ ਹੀ ਭਟਕੇ ਹੋਇਆਂ ਨੂੰ ਗੁਰਮਤਿ ਮਾਰਗ ਦੇ ਪਾਂਧੀ ਬਣਾਇਆ ਅਤੇ ਸਿੰਘ ਸਜਾਇਆ। ਇਹ ਠੀਕ ਹੈ ਕਿ ਜਦ ਆਪ ਕੀਰਤਨ ਕਰਦੇ ਸਨ ਤਾਂ ਲੱਛਮੀ ਮੀਂਹ ਦੀ ਤਰ੍ਹਾਂ ਵਰਸਦੀ ਸੀਮ, ਪਰ ਆਪ ਦਾ ਯਤਨ ਹੁੰਦਾ ਸੀ ਕਿ ਜੋ ਵੀ ਮਾਇਆ ਆਵੇ, ਉਹ ਵੱਧ ਤੋਂ ਵੱਧ ਪੰਥਕ ਕਾਰਜਾਂ ਵਿਚ ਖਰਚ ਹੋਵੇ। ਸਹੀ ਅਰਥਾਂ ਵਿਚ ਉਹ ਮਾਇਆ ਤੋਂ ਨਿਰਲੇਪ ਰਹਿੰਦੇ ਸਨ। ਭਾਈ ਜੋਧ ਸਿੰਘ ਜੀ ਪ੍ਰਿੰਸੀਪਲ ਨੇ ਲਿਖਿਆ ਹੈ ਕਿ ਉਨ੍ਹਾਂ ਦਾ ਮੁੱਖ ਪ੍ਰਯੋਜਨ ਪ੍ਰਚਾਰ ਸੀ, ਨਾ ਕਿ ਮਾਇਆ ਇਕੱਤਰ ਕਰਨਾ। ਇਸ ਲਈ ਉਹ ਇਤਨੇ ਕਾਮਯਾਬ ਪ੍ਰਚਾਰਕ ਸਨ।

ਪ੍ਰਸਿੱਧ ਹਿਸਟੋਰੀਅਨ ਬਾਬਾ ਪ੍ਰੇਮ ਸਿੰਘ ਹੁਰਾਂ ਲਿਖਿਆ ਸੀ, ਭਾਈ ਸਾਹਿਬ ਕੇਵਲ ਰਾਗੀ ਨਹੀਂ ਸਨ, ਸਗੋਂ ਰਾਗੀ ਹੋਣ ਦੇ ਨਾਲ ਨਾਲ, ਉਚ ਪੰਥਕ ਉੱਨਤੀ ਦੇ ਸਾਰੇ ਕੰਮਾਂ ਦੀ ਰੂਹ ਸਨ। ਵਿਦਿਅਕ, ਧਾਰਮਿਕ ਅਤੇ ਸੁਧਾਰਕ ਆਦਿ ਐਸੀ ਕੋਈ ਲਹਿਰ ਨਹੀਂ ਸੀ ਜਿਸ ਵਿਚ ਭਾਈ ਹੀਰਾ ਸਿੰਘ ਜੀ ਨੇ ਤਨ ਮਨ ਧਨ ਕਰਕੇ ਵੱਧ ਤੋਂ ਵੱਧ ਹਿੱਸਾ ਨਾ ਲਿਆ ਹੋਵੇ। ਸਿੰਘ ਸਭਾ ਲਹਿਰ ਦੇ ਆਪ ਸਰਗਰਮ ਮੈਂਬਰ ਸਨ। ਚੀਫ ਖਾਲਸਾ ਦੀਵਾਨ ਦੀ ਸਥਾਪਨਾ ਅਤੇ ਸਿੱਖ ਐਜੂਕੇਸ਼ਨ ਕਾਨਫਰੰਸ ਦੀ ਸਥਾਪਨਾ ਕਰਨ ਵਾਲਿਆਂ ਵਿਚ ਆਪ ਇਕ ਮੋਢੀ ਸਨ। ਕਾਨਫਰੰਸਾਂ ਵਿਚ ਅਪੀਲ ਦੀ ਸੇਵਾ ਆਪ ਦੇ ਹਿੱਸੇ ਆਉਂਦੀ ਸੀ। ਆਪ ਦੀ ਅਪੀਲ ਵਿਚ ਇੰਨੀ ਸ਼ਕਤੀ ਹੁੰਦੀ ਸੀ ਕਿ ਸੰਗਤਾਂ ਦੀਆਂ ਜੇਬਾਂ ਵਿਚੋਂ ਰੁਪਏ ਉਛਲ ਕੇ ਬਾਹਰ ਆ ਪੈਂਦੇ ਸਨ। ਆਪਣੇ ਵਾਜੇ ਤੇ ਆਈ ਮਾਇਆ ਵੀ ਉਥੇ ਹੀ ਦੇ ਦਿੰਦੇ ਸਨ। ਗਿਆਨੀ ਗੁਰਮੁਖ ਸਿੰਘ 'ਮੁਸਾਫਿਰ' ਅਨੁਸਾਰ ਪ੍ਰਚਾਰ ਸੰਬੰਧੀ ਜੋ ਰਸ ਭਾਈ ਹੀਰਾ ਸਿੰਘ ਜੀ ਦੀ ਕਥਨੀ ਵਿਚ ਸੀ, ਉਸ ਦੀ ਮਿਸਾਲ ਉਹ ਆਪ ਹੀ ਸਨ।

ਭਾਈ ਹੀਰਾ ਸਿੰਘ ਜੀ ਦਾ ਜੀਵਨ ਕਰੜੀ ਘਾਲ ਦਾ ਜੀਵਨ ਸੀ। ਹਰ ਇਕ ਦੀਵਾਨ ਸਮਾਗਮ

ਤੇ ਭਾਈ ਸਾਹਿਬ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਂਦੀ ਸੀ । ਇਤਨੇ ਸਮਾਗਮਾਂ ਵਿਚ ਘਾਲ ਭਰੀ ਜ਼ਿੰਦਗੀ ਲਗਾਤਾਰ ਪੰਝੀ-ਛੱਬੀ ਵਰ੍ਹੇ ਚਲਦੀ ਰਹੀ ਜਿਸ ਨੂੰ ਆਪ ਦਾ ਸਰੀਰ ਬਰਦਾਸ਼ਤ ਨਾ ਕਰ ਸਕਿਆ ਤੇ ਆਪ ਰੋਗ-ਗ੍ਰਸਤ ਹੋ ਗਏ । ਆਪ ਦੀਆਂ ਆਂਦਰਾਂ ਵਿਚ ਕੈਂਸਰ ਹੋ ਗਿਆ ਜਿਸਦਾ ਪਤਾ ੧੯੨੪ ਈ: ਵਿਚ ਚਲਿਆ ਪਰ ਸੰਗਤਾਂ ਦਾ ਹੁਕਮ ਮੰਨ ਕੇ ਆਪ ਸਮਾਗਮਾਂ ਵਿਚ ਫਿਰ ਵੀ ਪੁੱਜਦੇ ਰਹੇ । ਅੰਤ ੧੯੨੫ ਈ: ਵਿਚ ਆਪ ਬਹੁਤ ਕਮਜ਼ੋਰ ਹੋ ਗਏ । ਦੂਰ ਦੂਰ ਤਕ ਗੁਰਮਤਿ ਦਾ ਪ੍ਰਕਾਸ਼ ਕਰਨ ਵਾਲਾ ਇਹ ਚੰਦਰਮਾ ੨ ਸਤੰਬਰ, ੧੯੨੬ ਨੂੰ ਡੇਹਰਾਦੂਨ ਦੀ ਧਰਤੀ ਤੇ ਸਦਾ ਲਈ ਅਲੋਪ ਹੋ ਗਿਆ । ਭਾਵੇਂ ਸਰੀਰ ਕਰਕੇ ਅੱਜ ਸਾਡੇ ਦਰਮਿਆਨ ਨਹੀਂ ਪਰ ਉਹਨਾਂ ਦੇ ਜੀਵਨ ਪ੍ਰਤੀ ਇਤਿਹਾਸਕ ਦਸਤਾਵੇਜ਼ ਉਸ ਚੰਦਰਮਾ ਦੀਆਂ ਰਿਸ਼ਮਾਂ ਨੂੰ ਸਾਂਭੀ ਬੈਠੇ ਹਨ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਮਾਰਗ-ਦਰਸ਼ਕ ਸਾਬਤ ਹੋਣਗੇ । ਭਾਈ ਸਾਹਿਬ ਦੇ ਅਕਾਲ-ਚਲਾਣੋਂ ਤੇ ਪ੍ਰੋ: ਪੂਰਨ ਸਿੰਘ ਦਾ ਕਵੀ ਹਿਰਦਾ ਦਿਲ ਚੀਰਵੀਂ ਆਵਾਜ਼ ਵਿਚ ਬੋਲ ਉਠਿਆ:-

ਕੋਇਲ ਵਾਂਗ ਕੂਕਿਆ ਤੂੰ,
ਅਤੇ ਤੂੰ ਭਰਾਵਾ ਦੱਸਿਆ
ਮਨੁੱਖ ਹੋਣਾ ਬੱਸ ਮਿੱਠੀ ਆਵਾਜ਼ ਹੈ
ਸਿੱਖ ਹੋਣਾ ਚੁੱਪ ਹੋਣਾ ਕੰਬ ਖਲੋਣਾ
ਪੱਥਰ ਮੋਮ ਕਰਨੇ ਆਵਾਜ਼ ਨਾਲ
ਦਿਲ ਛਪਾਣਾ ਆਪਣਾ ਤੇ ਦਿਲ ਹਿਲਾਣਾ ਸੰਸਾਰ ਦਾ
ਰਹਿਣਾ ਨਿਮਾਣਾ
ਪਰ ਸਦਾ ਉਠਾਣਾ ਝੰਡਾ ਅਕਾਲੀ ਸਰਕਾਰ ਦਾ (ਅਕਾਲ ਪੁਰਖ ਦਾ)
ਕੀਰਤਨ ਤੇਰਾ ਚੀਰਦੀ ਦਿਲ ਦੀ ਅਕਲ
ਵਸਾਂਦੀ ਬੀਆਬਾਨ ਨੂੰ
ਜਾਂਦੀ ਅਨੰਤ ਨੂੰ ਗਾਉਂਦੀ ਨਾਉ ਅਰਸ਼ੀ ਸਰਕਾਰ ਦਾ ।

ਇਸੇ ਤਰ੍ਹਾਂ ਆਪ ਦੇ ਅਕਾਲ-ਚਲਾਣੇ ਪਰ ਖਾਲਸਾ ਸਮਾਚਾਰ (੯ ਸਤੰਬਰ, ੧੯੨੬) ਦੇ ਮੁੱਖ ਲੇਖ ਦੇ ਇਹ ਸ਼ਬਦ ਵਰਣਨਯੋਗ ਹਨ ।

"ਇਸ ਗੱਲ ਵਿਚ ਰੱਤੀ ਜਿੰਨੀ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਪਿਛਲੇ ਪੰਝੀ ਸਾਲਾਂ ਵਿਚ ਆਪਣੀਆਂ ਤਕਰੀਰਾਂ ਨਾਲ ਜਿੰਨੀਆਂ ਰੂਹਾਂ ਨੂੰ ਨਾਸਤਿਕਤਾ, ਅਸ਼ਰਧਕਤਾ ਤੇ ਵਿਸ਼ੇ-ਵਿਕਾਰਾਂ ਦੇ ਗੜ੍ਹ ਵਿਚੋਂ ਕੱਢ ਕੇ ਸ਼ੁੱਧ ਤੇ ਪਵਿੱਤਰ ਬਣਾ, ਗੁਰੂ-ਗੋਦੀ ਵਿਚ ਇਸ ਇਕੱਲੇ ਜਰਨੈਲ ਨੇ ਬਿਠਾਇਆ, ਘੱਟੋ ਘੱਟ ਕੰਮ ਇਸ ਸਮੇਂ ਵਿਚ ਕਿਸੇ ਇਕ ਆਦਮੀ ਨੇ ਨਹੀਂ ਕੀਤਾ ।"

ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲਿਆ ਨੇ ਭਾਈ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਫੁਰਮਾਇਆ ਸੀ, "ਭਾਈ ਹੀਰਾ ਸਿੰਘ ਰੇਸ਼ਮ ਦਾ ਕੀੜਾ ਸੀ ਜੋ ਰੇਸ਼ਮ ਕੱਢਦਾ ਕੱਢਦਾ ਆਪ ਬੱਸ ਹੋ ਗਿਆ ।" ਗੱਲ ਤਾਂ ਉਮਰਾਂ ਦੇ ਫਾਸਲਿਆਂ ਦੀ ਹੈ । ਸਾਡੀ ਪੀੜ੍ਹੀ ਦੇ ਸਰੋਤਿਆਂ ਨੂੰ ਭਾਈ ਸਾਹਿਬ ਦਾ ਕੀਰਤਨ ਸ੍ਰਵਣ ਕਰਨ ਦਾ ਮੌਕਾ ਨਹੀਂ ਮਿਲਿਆ । ਕਾਸ਼ ! ਵਰਤਮਾਨ ਸਮੇਂ ਵਾਂਗ ਉਦੋਂ ਵੀ ਕੋਈ ਕੀਰਤਨ ਰੀਕਾਰਡ ਕਰਨ ਦਾ ਪ੍ਰਬੰਧ ਹੁੰਦਾ ।

ਧੰਨਵਾਦਿ ਸਾਹਿਤ ਵਿਚੋਂ :-
ਪ੍ਰਮੁੱਖ ਸਿੱਖ ਸ਼ਖ਼ਸੀਅਤਾਂ (ਸ਼੍ਰੋ. ਗੁ. ਪ੍ਰੰ. ਕਮੇਟੀ) ਸ੍ਰੀ ਅੰਮ੍ਰਿਤਸਰ

# ਗੁਰਬਾਣੀ ਵਿੱਚ ਗੁਰੂ ਅਥਵਾ ਸਤਿਗੁਰੂ ਦਾ ਸੰਕਲਪ

ਡਾ. ਸਰੂਪ ਸਿੰਘ ਅਲੱਗ
ਪੀ. ਐਚ. ਡੀ., ਡੀ.ਲਿਟ. ਯੂ. ਐਸ. ਏ.,

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ ਅੰਗ ੯੮੨

ਗੁਰੂ ਅਤੇ ਚੇਲੇ ਦਾ ਰਿਸ਼ਤਾ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਸੰਸਾਰ ਵਿੱਚ ਹਮੇਸ਼ਾ ਤੋਂ ਪਰਚਲਤ ਰਿਹਾ ਹੈ । ਗੁਰੂ ਦੋ ਅੱਖਰਾਂ ਦਾ ਸੁਮੇਲ ਹੈ ਗੁ+ਰੂ ਜਿਸਦੇ ਅਰਥ ਹਨ ਹਨੇਰੇ ਤੋਂ ਕੱਢ ਕੇ ਰੋਸ਼ਨੀ ਪਰਦਾਨ ਕਰਨ ਵਾਲਾ । ਗੁਰੂ ਦਾ ਸਚਮੁਚ ਇਹੀ ਸੇਵਾ ਹੈ ਕਿ ਉਹ ਮਨੁੱਖ ਮਾਤਰ ਨੂੰ ਆਪਣੀ ਕਿਰਪਾ ਦਰਿਸ਼ਟੀ ਨਾਲ ਭਵ ਸਾਗਰ ਤੋਂ ਪਾਰ ਉਤਾਰਨ ਦੀ ਜੁਗਤ ਦਸਦਾ ਹੈ, ਸੋਝੀ ਕਰਾਉਂਦਾ ਹੈ ਅਤੇ ਉਂਗਲ ਫੜ ਕੇ ਮੰਜ਼ਲਿ-ਮਕਸੂਦ (ਠਿਕਾਣੇ) ਤੇ ਪਹੁੰਚਾ ਦੇਂਦਾ ਹੈ ।

ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥ਅੰਗ ੨੨

ਇਸ ਤਰ੍ਹਾਂ ਗੁਰੂ ਦੀ ਭੂਮਿਕਾ ਅਧਿਆਤਮਿਕ ਅਭਿਲਾਖੀ ਲਈ ਬੜੀ ਮਹੱਤਵਪੂਰਣ ਹੈ । ਗੁਰਬਾਣੀ ਅਨੁਸਾਰ ਸਿੱਖ ਦੀ ਕੋਈ ਕਿਰਿਆ ਗੁਰੂ ਦੀ ਅਗਵਾਈ ਤੋਂ ਬਿਨਾ ਨੇਪਰੇ ਚੜ੍ਹ ਹੀ ਨਹੀਂ ਸਕਦੀ । ਉਹ ਹੀ ਉਸਨੂੰ ਭਗਤੀ ਸਖਾਉਂਦਾ ਹੈ, ਉਹੀ ਉਸਨੂੰ ਉੱਚੇ ਸੁੱਚੇ ਅਤੇ ਪ੍ਰੇਮ ਪਿਆਰ ਵਾਲੇ ਸੱਚੇ ਮਾਰਗ ਤੇ ਚਲਣ ਦੀ ਪ੍ਰੇਰਨਾ ਬਖ਼ਸ਼ਦਾ ਹੈ ਅਤੇ ਆਪਣੀ ਮਿਹਰ ਕਰਕੇ ਸੱਚ ਅਚਾਰ ਵਾਲੇ ਜੀਵਨ ਨੂੰ ਪਰਪੱਕ ਕਰਵਾਉਂਦਾ ਹੈ । ਗੁਰਵਾਕ ਹੈ:

ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥
ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ ਅੰਗ ੨੨

ਗੁਰੂ ਨੇ ਤਾਂ ਆਪਣੀ ਮਿਹਰਾਂ ਤੇ ਬਖ਼ਸ਼ਿਸ਼ਾਂ ਦਾ ਖ਼ਜ਼ਾਨਾ ਹਰ ਕਿਸੇ ਨੂੰ ਵੰਡਣਾ ਹੈ, ਹਰ ਕਿਸੇ ਨੂੰ ਕੁਝ ਨਾ ਕੁਝ ਦੇਣਾ ਹੀ ਹੈ, ਮੰਗਣਾ ਕੁਝ ਨਹੀਂ । ਉਹ ਸਰਬ ਸੁਖ ਦਾਤਾ ਹੈ । ਸਭ ਨਿਧਾਨ ਅਤੇ ਖ਼ਜ਼ਾਨੇ ਉਸਦੇ ਹੁਕਮ ਨਾਲ ਹੀ ਖੁਲ੍ਹਦੇ ਹਨ । ਉਸਦੀ ਮਿਹਰ ਦੇ ਪਾਤਰ ਉਹੀ ਬਣਦੇ ਹਨ ਜੋ ਉਸਦੇ ਹੁਕਮ ਅਤੇ ਆਦੇਸ਼ਾਂ ਨੂੰ ਖ਼ੁਸ਼ੀ ਖ਼ੁਸ਼ੀ ਪਰਵਾਣ ਕਰਦੇ ਹਨ, ਆਪਣੀ ਹਉਮੈ, ਵਡਿਆਈ ਜਾਂ ਅਕਲ ਨੂੰ ਗੁਰੂ ਦੀ ਹਸਤੀ ਅੱਗੇ ਨਿਰਮੂਲ ਸਮਝਦਿਆਂ ਹੋਇਆਂ ਗੁਰੂ ਦੀ ਮੱਤ ਨੂੰ ਅਪਣਾ ਕੇ ਗੁਰਮੁਖਿ ਅਖਵਾਂਦੇ ਹਨ । ਗੁਰੂ ਉਨ੍ਹਾਂ ਨੂੰ ਸੱਚ ਦਾ ਮਾਰਗ ਦਰਿੜ ਕਰਵਾਉਂਦਾ ਹੈ । ਇਸ ਲਈ ਗੁਰਮੁਖ ਵੀ ਸੱਚ ਦਾ ਇੱਛਕ ਹੁੰਦਾ ਹੈ ਤੇ ਕੂੜ ਨੂੰ ਪਸੰਦ ਨਹੀਂ ਕਰਦਾ ।

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਇ - ਸਿਰੀਰਾਗੁ (ਮਃ ੧) - ਅੰਗ ੨੨

ਜਿਸਨੂੰ ਗੁਰੂ ਦੀ ਸੱਚੀ ਸੁੱਚੀ ਤੇ ਪਵਿੱਤਰ ਸਰਪਰਸਤੀ ਨਸੀਬ ਹੋ ਜਾਂਦੀ ਹੈ ਉਹ ਆਪ ਵੀ ਆਤਮਿਕ ਮੰਡਲ ਵਿੱਚ ਸੁਚਜਤਾ ਪੂਰਵਕ ਵਿਚਰਣ ਦੇ ਯੋਗ ਹੋ ਜਾਂਦੇ ਹਨ ਅਤੇ ਗੁਰੂ ਦੀ ਸਿੱਖਿਆ ਤੇ ਅਮਲ ਕਰਦਿਆਂ ਆਪਣਾ ਜੀਵਨ ਬਤੀਤ ਕਰਨ ਨਾਲ ਦੋਨਾਂ ਜਹਾਨਾਂ ਵਿੱਚ ਸਵਲ ਸਿਧ ਹੋ ਨਿਬੜਦੇ ਹਨ । ਉਨ੍ਹਾਂ ਨੂੰ ਅਕਾਲਪੁਰਖ ਦੀ ਸੰਗਤ ਨਸੀਬ ਹੋ ਜਾਂਦੀ ਹੈ । ਫਰਮਾਣ ਹੈ:

ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥
ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥੪॥੨੨॥
ਸਿਰੀਰਾਗੁ (ਮਃ ੧) - ਅੰਗ ੨੨

ਪਰ ਹੁਣ ਸਵਾਲ ਇਹ ਉਠਦਾ ਹੈ ਕਿ ਗੁਰਸਿੱਖੀ ਵਿੱਚ ਗੁਰੂ ਦਾ ਇਹ ਮਹਾਨ ਪਦ ਕੌਣ ਧਾਰਨ ਕਰਦਾ ਹੈ ? ਇਸ ਬਾਰੇ ਗੁਰਬਾਣੀ ਸਾਡਾ ਬੜਾ ਸਪੱਸ਼ਟ ਮਾਰਗ ਦਰਸ਼ਨ ਕਰਦੀ ਹੈ ਜਦ ਗੁਰੂ ਰਾਮਦਾਸ ਦੋ ਟੁਕ ਫਰਮਾਨ ਕਰਦੇ ਹਨ ਕਿ ਬਾਣੀ ਹੀ ਗੁਰੂ ਹੈ ਅਤੇ ਗੁਰੂ ਖੁਦ ਬਾਣੀ ਹੈ। ਇਸ ਬਾਣੀ ਵਿੱਚ ਸਾਰੇ ਅੰਮ੍ਰਿਤ ਹਨ, ਜੀਵਣ ਜਾਚ ਦੇ ਨੁਸਖੇ ਹਨ, ਉੱਚਾ ਚੱਜ ਅਚਾਰ ਧਾਰਨ ਕਰਨ ਦੀਆਂ ਜੁਗਤੀਆਂ ਹਨ ਅਤੇ ਅਕਾਲਪੁਰਖ ਨਾਲ ਸੁਮੇਲ ਦੇ ਸਰਲ ਤੇ ਗਾਡੀ ਮਾਰਗ ਦੀ ਨਿਸ਼ਾਨਦੇਹੀ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥(ਮਃ ੪) – ਅੰਗ ੯੮੨

ਗੁਰਬਾਣੀ ਨੂੰ ਗੁਰੂ ਮੰਨਣ ਨਾਲ, ਗੁਰਬਾਣੀ ਉਪਦੇਸ਼ਾਂ ਅਨੁਸਾਰ ਆਪਣਾ ਜੀਵਨ ਢਾਲਣ ਨਾਲ ਇਹ ਬਾਣੀ ਰੂਪ ਗੁਰੂ ਪਰਤੱਖ ਰੂਪ ਵਿੱਚ ਮਨੁੱਖ ਮਾਤਰ ਦਾ ਨਿਸਤਾਰਾ ਅਤੇ ਪਾਰ ਉਤਾਰਾ ਕਰ ਦੇਂਦਾ ਹੈ। ਗੁਰਬਾਣੀ ਦੇ ਹੁੰਦਿਆਂ ਕਿਸੇ ਹੋਰ ਦੇਹ ਧਾਰੀ ਚਿਟ ਕੱਪੜੀਏ ਗੁਰੂ ਪੀਰ, ਸੰਤ ਸਾਧ ਨੂੰ ਗੁਰੂ ਮੰਨ ਕੇ ਧਿਆਉਣ ਦੀ ਲੋੜ ਨਹੀਂ, ਅਜਿਹਾ ਕਰਨਾ ਗਾਡੀ ਰਾਹ ਤੋਂ ਭਟਕਣਾ ਹੈ, ਆਪਣੀ ਪ੍ਰਾਪਤੀ ਨੂੰ ਆਪ ਗਵਾਉਣਾ ਤੇ ਨਸ਼ਟ ਕਰਨਾ ਹੈ। ਸ਼ਬਦ ਰੂਪ ਇਹ ਇਲਾਹੀ ਬਾਣੀ ਹੀ ਸਾਡੀਆਂ ਹਰ ਪਰਕਾਰ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰਥ ਹੈ। ਜਿਹੜਾ ਗੁਰਬਾਣੀ ਰੂਪੀ ਗੁਰੂ ਦੀ ਸੰਗਤ ਵਿੱਚ ਆ ਗਿਆ ਉਸਦੇ ਸਭ ਵਹਿਮ ਭਰਮ ਅਤੇ ਬੇਲੋੜੀਆਂ ਤਰਿਸ਼ਨਾਵਾਂ ਨੂੰ ਠਲ੍ਹ ਪੈਣੀ ਅਵੱਸ਼ਕ ਹੈ, ਜ਼ਰੂਰੀ ਹੈ।

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥ਅੰਗ ੨੮੬

ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਪਾਸੋਂ ਵੀ ਸਿਧਾਂ ਨੇ ਇਹੀ ਸਵਾਲ ਪੁੱਛਿਆ ਸੀ ਕਿ ਏ ਬਾਲਕ ਤੇਰਾ ਗੁਰੂ ਕੌਣ ਹੈ ? ਇਸਦੇ ਉੱਤਰ ਵਿੱਚ ਸਤਿਗੁਰਾਂ ਨੇ ਬੜੇ ਸਪੱਸ਼ਟ ਰੂਪ ਵਿੱਚ ਉਨ੍ਹਾਂ ਸਿਧਾਂ ਨੂੰ ਸੋਝੀ ਕਰਾਈ ਕਿ 'ਸਬਦੁ ਗੁਰੂ ਸੁਰਤਿ ਧੁਨਿ ਚੇਲਾ' (ਅੰਕ-੯੪੩) ਭਾਵ ਸ਼ਬਦ ਹੀ ਉਨ੍ਹਾਂ ਦਾ ਗੁਰੂ ਹੈ, ਉਹ ਸ਼ਬਦ ਜੋ ਅਕਾਲ ਪੁਰਖ ਦਾ ਆਪਣਾ ਨਾਂ ਹੈ, ਆਪਣੀ ਕੀਰਤੀ ਹੈ, ਆਪਣਾ ਅਸਤਿਤਵ ਹੈ।

ਸਬਦੁ ਵਸੈ ਸਚੁ ਅੰਤਰਿ ਹੀਆ ॥
ਤਨੁ ਮਨੁ ਸੀਤਲੁ ਰੰਗਿ ਰੰਗੀਆ – ਰਾਮਕਲੀ ਗੋਸਟਿ (ਮਃ ੧) – ਅੰਗ ੯੪੩

ਗੁਰਬਾਣੀ ਦੀ ਹਰ ਪੰਗਤੀ ਵਿੱਚ ਇਸ ਅਕਾਲਪੁਰਖ ਸਰੂਪ ਸ਼ਬਦ ਦੀ ਮਹਿੰਮਾ ਦਾ ਕਿਸੇ ਨਾ ਕਿਸੇ ਰੂਪ ਵਿੱਚ ਵਰਨਣ ਹੈ। ਇਸ ਸ਼ਬਦ ਨਾਲ ਜੁੜਨ ਨਾਲ ਹਉਮੈ ਦੀ ਮੈਲ ਉਤਰਦੀ ਹੈ, ਕਾਮ ਤੇ ਕਰੋਧ ਦਾ ਨਾਸ਼ ਹੁੰਦਾ ਹੈ, ਸ਼ਬਦ ਨਾਲ ਮੇਲ ਹੋ ਜਾਏ ਤਾਂ ਫਿਰ ਵਿਛੋੜੇ ਦੀ ਅੱਗ ਵਿੱਚ ਸੜਨਾ ਨਹੀਂ ਪੈਂਦਾ ਤੇ ਸੱਚੀ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ।

ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ਸਿਰੀਰਾਗੁ (ਮਃ ੧) – ਅੰਗ ੫੮

ਜਿਹੜੇ ਇਸ ਅੰਮ੍ਰਿਤ ਰੂਪੀ ਸ਼ਬਦ ਨੂੰ ਚਖ ਲੈਂਦੇ ਹਨ ਉਹ ਪ੍ਰਮਾਤਮਾ ਦੀ ਮੌਜ ਦੇ ਸੰਗੀ ਸਾਥੀ ਹੋ ਨਿਬੜੇ ਹਨ, ਉਹ ਹਮੇਸ਼ਾ ਸੱਚ ਦਾ ਹੀ ਵਣਜ ਵਪਾਰ ਕਰਦੇ ਹਨ। ਸੱਚ ਦੀ ਕਿਰਤ ਕਮਾਈ ਵਿੱਚ ਹੀ ਉਹ ਗਰਤਾਨ ਰਹਿੰਦੇ ਹਨ, ਸ਼ਬਦ ਰੂਪੀ ਬੇੜੀ ਵਿੱਚ ਸਵਾਰ ਹੋ ਕੇ ਉਹ ਆਪਣਾ ਸੰਸਾਰਕ ਪੰਧ ਕਾਮਯਾਬੀ ਨਾਲ ਪੂਰਾ ਕਰ ਲੈਂਦੇ ਹਨ।

ਸਬਦੁ ਖੇਵਟੂ (ਬੇੜੀ) ਵਿਚਿ ਪਾਏ
ਹਰਿ ਆਪਿ ਲਘਾਏ ਇਨ ਬਿਧਿ (ਢੰਗ) ਦੁਤਰੁ ਤਰੀਐ ॥ ਗਉੜੀ (ਮਃ ੩) – ਅੰਗ ੨੪੫

ਸ਼ਬਦ ਨੂੰ ਚੀਨਣ ਨਾਲ ਆਤਮਾ ਦਾ ਪਰਗਾਸ ਹੁੰਦਾ ਹੈ, ਸਹਿਜ ਘਰ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉਸਨੂੰ ਫਿਰ ਕਾਲ ਦਾ ਸੰਤਾਪ ਨਹੀਂ ਰਹਿੰਦਾ, ਪਰਮਾਤਮਾ ਅਤੇ ਗੁਰੂ ਰੂਪੀ ਸ਼ਬਦ ਦੀ ਵੀਚਾਰ ਕਰਨ ਨਾਲ ਰਾਮ ਰਸ ਚਖਣ ਦਾ ਅਨੰਦ ਪ੍ਰਾਪਤ ਹੁੰਦਾ ਹੈ ਜੋ ਅੰਮ੍ਰਿਤ ਹੈ, ਆਬਿ-ਹਯਾਤ ਹੈ, ਹਰ ਪਰਕਾਰ ਦੀ ਮੈਲ ਨੂੰ ਮਾਰਨ ਦੀ ਸ਼ਕਤੀ ਹੈ। ਸ਼ਬਦ ਰੂਪੀ ਗੁਰੂ ਦੀ ਸੰਗਤ ਵਿੱਚ ਭਰਮ, ਵਹਿਮ, ਜਾਦੂ ਟੂਣੇ, ਹੀਰਖਾ ਦਵੈਖ ਨਹੀਂ ਟਿਕ ਸਕਦੇ ਸਗੋਂ ਇਸਦੀ ਸੰਗਤ ਵਿੱਚ ਜੋਤ ਨਿਰਮਲ ਹੁੰਦੀ ਹੈ, ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ। ਸਭ ਪਾਸੇ ਅਗੰਮੀ ਨਾਦ ਸੁਣਾਈ ਦੇਂਦੇ ਹਨ, ਮਾਇਆ ਦੀ ਬੇਲੋੜੀ ਤ੍ਰਿਸ਼ਨਾ ਦੀ ਭਟਕਣ ਟੁੱਟਦੀ ਹੈ ਅਤੇ ਜੀਵਨ ਸੁਖਾਲਾ ਹੋ ਜਾਂਦਾ ਹੈ। ਇਸ ਸ਼ਬਦ ਰੂਪੀ ਸਤਿਗੁਰ ਦੀ ਵੱਡੀ ਵਡਿਆਈ ਹੀ ਇਹੀ ਹੈ ਕਿ ਉਹ ਸਾਰਿਆਂ ਨੂੰ ਆਪਣੇ ਵਿੱਚ ਮਿਲਾ ਕੇ ਆਪਣੇ ਜਿਹੇ ਗੁਣਾਂ ਵਾਲਾ ਕਰ ਦੇਂਦਾ ਹੈ।

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥ ਅੰਗ ੭੨

ਇਸ ਗੁਰੂ ਦੇ ਦਰਬਾਰ ਵਿੱਚ ਆਉਣ ਨਾਲ ਸਭ ਮੇਰ ਤੇਰ ਮੁਕ ਜਾਂਦੀ ਹੈ। ਇਸੇ ਲਈ ਇਸ ਸ਼ਬਦ ਗੁਰੂ ਗੁਰਬਾਣੀ ਨੂੰ ਇਨਸਾਨੀ ਨਸਲ ਦਾ ਗੁਰੂ ਕਿਹਾ ਜਾਂਦਾ ਹੈ। ਗੁਰੂ ਤਾਂ ਧਰਤੀ ਤੇ ਉਤਰਿਆ ਪਰਮਾਤਮਾ ਹੈ ਜੋ ਸ਼ਬਦ ਰੂਪ ਵਿੱਚ ਵਿਦਮਾਨ ਹੈ ਅਤੇ ਜਿਸਦੇ ਜਲਾਲ ਤੋਂ ਹਰ ਕੋਈ ਬਿਨਾਂ ਕਿਸੇ ਭੇਦ ਭਾਵ ਦੇ ਲਾਭ ਪ੍ਰਾਪਤ ਕਰ ਸਕਦਾ ਹੈ। ਇਹ ਸ਼ਬਦ ਗੁਰੂ ਵਗਦੀ ਨਦੀ ਵਰਗਾ ਹੈ ਜਿਸ ਤੋਂ ਹਰ ਕੋਈ ਆਪਣੀ ਤ੍ਰਿਹ ਮਿਟਾ ਸਕਦਾ ਹੈ, ਇਸਦਾ ਨਿਰਮਲ ਸੀਤਲ ਜਲ ਤਨ ਮਨ ਨੂੰ ਸੀਤਲ ਤੇ ਸਵੱਛ ਕਰ ਦੇਂਦਾ ਹੈ। ਗੁਰੂ ਪਰ-ਉਪਕਾਰੀ ਹੈ ਅਤੇ ਇਹ ਸੰਸਾਰ ਦੀ ਸਾਰੀ ਖੇਡ ਉਸੇ ਦੀ ਕਿਰਪਾ ਨਾਲ ਹੀ ਸਫਲ ਰੂਪ ਵਿੱਚ ਖੇਡੀ ਜਾ ਸਕਦੀ ਹੈ। ਗੁਰੂ ਦੀ ਮਤ ਨਾਲ ਸਭ ਕਾਰਜ ਰਾਸ ਹਨ ਅਤੇ ਮਨਮਤ ਨਾਲ ਵਿਗਾੜ ਹੀ ਵਿਗਾੜ ਹੈ। ਪੂਰੇ ਗੁਰ ਦੀ ਸ਼ਰਨ ਪੈਣ ਵਿੱਚ ਸਭ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਜੀਵਨ ਸਫਲ ਹੁੰਦਾ ਹੈ।

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥

ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥੧੫॥ਗਉੜੀ ਥਿਤੀ (ਮਃ ੫) - ਅੰਗ ੩੦੦

ਮਾਨਵਤਾ ਦੇ ਸੁਭਾਗ ਹਨ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਇਹ ਅਨੁਭਵ ਕੀਤਾ ਕਿ ਸਿੱਖ ਦੇ ਕਾਮਲ ਸਰੂਪ ਦੀ ਸਿਰਜਣਾ ਦਾ ਅਮਲ ਹੁਣ ਪੂਰਾ ਹੋ ਗਿਆ ਹੈ ਤਾਂ ਉਨ੍ਹਾਂ ਨੇ ਸ਼ਬਦ ਰੂਪ ਆਦਿ ਗ੍ਰੰਥ ਸਾਹਿਬ ਨੂੰ, ਜਿਸ ਵਿੱਚ ਧੁਰ ਕੀ ਬਾਣੀ ਦਾ ਸੰਕਲਨ ਹੈ, ਗੁਰੁਗਦੀ ਪ੍ਰਦਾਨ ਕਰਕੇ ਆਪਣੀ ਆਤਮਾ ਉਸ ਵਿੱਚ ਵਲੀਨ ਕਰ ਦਿੱਤੀ ਅਤੇ ਸਭ ਸਿਖਨ ਕੋ ਹੁਕਮ ਕੀਤਾ ਕਿ ਉਨ੍ਹਾਂ ਨੇ ਇਸ ਪਵਿੱਤਰ ਬਾਣੀ ਨੂੰ ਹੀ ਆਪਣਾ ਗੁਰੂ ਸਮਝਣਾ ਹੈ ਅਤੇ ਕਿਸੇ ਹੋਰ ਦੇਹਧਾਰੀ ਨੂੰ ਭੁੱਲ ਕੇ ਵੀ ਗੁਰੂ ਨਹੀਂ ਜਾਣਨਾ। ਉਨ੍ਹਾਂ ਸਾਡਾ ਮਾਰਗ ਇਹ ਕਹਿ ਕੇ ਸਪੱਸ਼ਟ ਕਰ ਦਿੱਤਾ ਕਿ ਓਟ ਅਕਾਲ ਦੀ, ਦੀਦਾਰ ਖਾਲਸੇ ਦਾ ਤੇ ਪਰਚਾ ਸ਼ਬਦ ਦਾ। ਇਸ ਲਈ ਇਸ ਸ਼ਬਦ ਰੂਪ ਜੁਗੋ ਜੁਗ ਅਟੱਲ ਗੁਰੂ ਦੀ ਸੰਗਤ ਮਾਣਨਾ ਅਤੇ ਇਸਦੇ ਉਪਦੇਸ਼ਾਂ ਅਤੇ ਸਿਧਾਂਤਾਂ ਅਨੁਸਾਰ ਚਲ ਕੇ ਜੀਵਨ ਬਤੀਤ ਕਰਨਾ ਖੁਸ਼ਕਿਸਮਤੀ ਹੈ, ਸ਼ੁਭ ਸਗਣੀ ਹੈ ਅਤੇ ਪ੍ਰਮਾਤਮਾ ਦੇ ਵਸਲ ਦੀ ਸਰਲ ਜੁਗਤ ਹੈ।

ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ ॥

ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ ॥੩॥ ਅੰਗ ੯੯੬

ਧੰਨਵਾਦਿ ਸਾਹਿਤ ਵਿਚੋਂ :- ਗੁਰਬਾਣੀ ਸੰਕਲਪ

ਗਿਆਨੀ ਕ੍ਰਿਸ਼ਨ
'ਸੰਤਨ ਕੀ ਕੁਟੀਆਂ' ਸ੍ਰੀ ਅੰਮ੍ਰਿਤਸਰ

## ਦਿਲ ਦੀ ਪਹਿਰੇਦਾਰੀ

ਚੌਂਕੀਦਾਰੀ ਕਰਦਿਆਂ ਜੀਵਨ, ਬੀਤ ਰਿਹਾ ਹੈ ਸਭ ਦਾ ।
ਉਸ ਸਭ ਦੀ ਤੂੰ ਰਾਖੀ ਕਰਦਾ, ਜੋ ਜੋ ਦਿੱਤਾ ਰੱਬ ਦਾ ।
ਬੜਾ ਕੀਮਤੀ ਦਿਲ ਜੋ ਦਿੱਤਾ, ਇਹ ਲੁੱਟਦਾ ਹੈ ਜਾਂਦਾ ।
ਦਿਲ ਦਰਵਾਨੀ ਜੋ ਕਰ ਲੈਂਦਾ, ਉਸ ਨੂੰ ਰੱਬ ਹੈ ਲੱਭਦਾ ।

ਅਰਥ: ਅੱਜ ਹਰ ਇਨਸਾਨ ਆਪਣੀਆਂ ਕੀਮਤੀ ਚੀਜ਼ਾਂ ਦੀ ਰਖਵਾਲੀ ਕਰਦਾ ਹੈ । ਚੌਕੀਦਾਰ ਸ਼ਬਦ ਭਾਵੇਂ ਅਸੀਂ ਨੌਕਰ ਲਈ ਵਰਤਦੇ ਹਾਂ, ਪਰ ਅਸੀਂ ਖ਼ੁਦ ਵੀ ਚੌਕੀਦਾਰ ਵਾਲੀ ਹੀ ਰਖਵਾਲੀ ਕਰਦੇ ਹਾਂ । ਰੱਬ ਦੀਆਂ ਦਿੱਤੀਆਂ ਬਾਕੀ ਚੀਜ਼ਾਂ ਦੀ ਰੱਖਿਆ ਤਾਂ ਅਸੀਂ ਕਰਦੇ ਰਹਿੰਦੇ ਹਾਂ, ਪਰ ਇਹ ਦਿਲ ਵੀ ਤਾਂ ਬੜਾ ਕੀਮਤੀ ਖ਼ਜ਼ਾਨਾ ਰੱਬ ਨੇ ਸਾਨੂੰ ਦਿੱਤਾ ਹੈ, ਇਸ ਦੀ ਰੱਖਿਆ ਦੀ ਤਰਫ਼ ਬੜਾ ਘੱਟ ਧਿਆਨ ਦਿੱਤਾ ਜਾ ਰਿਹਾ ਹੈ । ਇਹ ਦਿਨੇ ਰਾਤ ਲੁੱਟਿਆ ਜਾ ਰਿਹਾ ਹੈ । ਪਰ ਜਿਹੜਾ ਦਿਲ ਦੀ ਪਹਿਰੇਦਾਰੀ ਕਰਦਾ ਹੈ, ਉਸ ਨੂੰ ਪਰਮਾਤਮਾ ਮਿਲ ਪੈਂਦਾ ਹੈ ।

ਭਾਵਾਰਥ: ਸਿਰਫ਼ ਬਾਹਰ ਦੀਆਂ ਵਸਤਾਂ ਦੀ ਹੀ ਰਖਵਾਲੀ ਨਹੀਂ ਕਰਦੀ, ਧਿਆਨ ਰੱਖੋ, ਆਪਣੇ ਅੰਦਰ ਦੀ ਵੀ ਰਖਵਾਲੀ ਕਰਨੀ ਹੈ । ਇਸ ਦਿਲ ਨੂੰ ਕਿਧਰੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਾਂ ਨਹੀਂ ਲੁੱਟ ਰਹੇ ? ਕਿਧਰੇ ਇਹ ਦਿਲ ਦੁਨੀਆਂ ਨੂੰ ਤਾਂ ਨਹੀਂ ਵੇਚਿਆ ਜਾ ਰਿਹਾ ? ਇਸ ਦਾ ਜ਼ਰੂਰ ਧਿਆਨ ਰੱਖਣਾ ਹੈ । ਜਿਹੜੇ ਦਿਲ ਦਾ ਦੁਨੀਆਂ ਵੱਲੋਂ ਬਚਾਅ ਹੈ, ਉਸੇ ਦਿਲ ਵਿੱਚ ਹੀ ਪ੍ਰਭੂ ਦਾ ਵਾਸਾ ਹੁੰਦਾ ਹੈ, ਦਿਲ ਵਿੱਚ ਹੀ ਪ੍ਰਭੂ ਆ ਮਿਲਦਾ ਹੈ । ਬਾਬਾ ਫ਼ਰੀਦ ਜੀ ਦਾ ਕਥਨ ਹੈ :

ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ ॥ (ਵਾਰ ਮਾਰੂ, ਮਹਲਾ ੧, ਪੰਨਾ ੧੦੯੦)

## ਜੋ ਆਇਆ ਸੋ ਚਲਸੀ

ਬਾਗ਼ ਦੇ ਮਾਲੀ ਲਿਖ ਕੇ ਲਾਇਆ, ਫੁੱਲ ਨਾ ਕੋਈ ਤੋੜੇ ।
ਭੁੱਲ ਭੁਲੇਖੇ ਜੇ ਕੋਈ ਤੋੜੇ, ਉਸ ਨੂੰ ਹੱਥ ਹੀ ਜੋੜੇ ।
ਸਾਈਂ ਫ਼ਕੀਰ ਆਖਿਆ ਮਾਲੀ, ਅਜਬ ਗੱਲ ਤੂੰ ਸੁਣ ਲੈ,
ਕੁਦਰਤ ਆਖੇ ਤੋੜਨ ਆਈ ਹਾਂ, ਮੈਨੂੰ ਕੋਈ ਨਾ ਮੋੜੇ ।

ਅਰਥ: ਫੁੱਲਾਂ ਦੀ ਬਗ਼ੀਚੀ ਚ ਆਮ ਲਿਖਿਆ ਮਿਲਦਾ ਹੈ ਕਿ ਫੁੱਲ ਤੋੜਨਾ ਮਨ੍ਹਾਂ ਹੈ (ਇਹ ਆਮ ਤੌਰ ਤੇ ਇੱਕੋ ਥਾਂ ਹੀ ਲਿਖਿਆ ਹੁੰਦਾ ਹੈ ।) ਜੇਕਰ ਕੋਈ ਭੁਲੇਖੇ ਨਾਲ, ਜਾਂ ਗ਼ਲਤੀ ਨਾਲ ਫੁੱਲ ਤੋੜ ਲੈਂਦਾ ਤਾਂ ਮਾਲੀ ਬੜੇ ਠੰਡੇ ਸੁਬਾਅ ਦਾ ਹੋਣ ਕਰਕੇ ਉਸ ਨੂੰ ਹੱਥ ਜੋੜ ਕੇ ਕਹਿੰਦਾ ਹੈ, "ਜੀ, ਫੁੱਲ ਤੌੜਨਾ ਮਨ੍ਹਾਂ ਹੈ ।" ਸਾਈਂ ਫ਼ਕੀਰ ਅੱਗੇ ਚੱਲ ਕੇ ਕਹਿੰਦੇ ਹਨ ਕਿ ਹੇ ਮਾਲੀ, ਇਕ ਅਜਬ ਗੱਲ ਹੋਰ ਸੁਣ ਲੈ, ਤੂੰ ਕਹਿਨੈਂ ਕਿ ਫੁੱਲ ਤੋੜਨਾ ਮਨ੍ਹਾਂ ਹੈ, ਪਰ ਕੁਦਰਤ ਕਹਿੰਦੀ ਹੈ ਕਿ ਫੁੱਲ ਲੱਗੇ ਰਹਿਣਾ ਮਨ੍ਹਾਂ ਹੈ, ਮੈਂ ਤੋੜਨ ਆਈ ਹਾਂ, ਮੈਨੂੰ ਕੋਈ ਨਹੀਂ ਰੋਕ ਸਕਦਾ ।

ਭਾਵਾਰਥ: ਅੱਜ ਸਾਇੰਸ ਦੇ ਯੁਗ ਵਿਚ ਭਾਵੇਂ ਕੋਈ ਕਿੰਨੀ ਵੀ ਕੋਸ਼ਿਸ਼ ਕਰੇ ਕਿ ਦੁਨੀਆਂ ਵਿੱਚੋਂ ਕੋਈ ਵੀ ਖ਼ਤਮ ਨਾ ਹੋਵੇ, ਚਾਹੇ ਕੋਈ ਸਰੀਰ ਹੈ, ਕੋਈ ਬਿਲਡਿੰਗ ਹੈ, ਬਨਸਪਤੀ ਹੈ ਜਾਂ ਕੋਈ ਵੀ ਹੋਰ ਵਸਤੂ, ਕੋਈ ਵੀ ਇਥੇ ਸਦੀਵੀ ਨਹੀਂ ਰਹਿੰਦਾ । ਇਕ ਦਿਨ ਇਸ ਦੁਨੀਆਂ ਦੀ ਹਰ ਚੀਜ਼ ਵੇਖਦਿਆਂ ਹੀ ਵੇਖਦਿਆਂ ਖ਼ਤਮ ਹੋ ਜਾਂਦੀ ਹੈ । ਦੁਨੀਆਂ ਵਿਚ ਐਸਾ ਕੋਈ ਨਹੀਂ, ਜੋ ਆਪਣੀ ਮੌਤ ਤੋਂ ਬਚ ਸਕੇ । ਸੋ, ਉਸ ਪ੍ਰਭੂ-ਪਰਮਾਤਮਾ ਦੇ ਭਾਣੇ ਵਿਚ ਹੀ ਜਿਊਣਾ ਠੀਕ ਰਹਿੰਦਾ ਹੈ, ਕੁਦਰਤ ਦੇ ਰਾਹ ਵਿਚ ਕਦੇ ਦੀਵਾਰ ਨਾ ਬਣੋ ।

ਜੋ ਆਇਆ ਸੋ ਚਲਸੀ ਸਭੁ ਕੋਈ ਵਾਰੀਐ ॥ (ਵਾਰ ਆਸਾ ਮਹਲਾ ੧, ਪੰਨਾ ੪੭੪)

## ਇਕੋ ਦੀ ਪ੍ਰੀਤਿ

ਕਿਹਾ ਕਛੋਰੇ ਸੁਣ ਨੀ ਪਿਆਲੀ, ਬੜੀ ਤੂੰ ਚਮਕ ਵਿਖਾਵੇਂ ।
ਜੂਠੀ ਹੋ ਹੋ ਮੁੜ ਮੁੜ ਸੁੱਚੀ, ਕਈ ਮੂੰਹ ਲੱਗਦੀ ਜਾਵੇਂ ।
ਇਕ ਵਾਰੀ ਹੀ ਇੱਕੋ ਦੇ ਮੂੰਹ, ਮੈਂ ਲੱਗਣਾ ਹੈ ਸਿੱਖਿਆ ।
ਮੁੜ ਟੁਕੜੇ ਟੁਕੜੇ ਹੋ ਜਾਵਾਂ, ਪਰ ਹੋਰ ਨਾ ਕੋਈ ਭਾਵੇ ।

ਅਰਥ: ਚਾਹ ਪੀਣ ਲਈ ਮਿੱਟੀ ਦੇ ਕਛੋਰੇ ਕਈ ਥਾਂਵਾਂ ਤੇ ਵਰਤੋਂ ਵਿੱਚ ਲਿਆਏ ਜਾਂਦੇ ਹਨ । ਇਕ ਕਛੋਰੇ ਨੇ ਪਿਆਲੀ (ਕੱਪ) ਨੂੰ ਕਿਹਾ ਕਿ ਤੂੰ ਬੜੀ ਚਮਕਦੀ ਹੈਂ । ਚਾਹ ਪੀਣ ਵਾਲੇ ਪਹਿਲਾਂ ਤੈਨੂੰ ਜੂਠੀ ਕਰਦੇ ਨੇ, ਫਿਰ ਧੋ ਕੇ ਸੁੱਚੀ ਕਰ ਲੈਂਦੇ ਨੇ ਤੇ ਫਿਰ ਕਿਸੇ ਹੋਰ ਲਈ ਚਾਹ ਪਾ ਦਿੰਦੇ ਨੇ । ਇੰਜ ਤੂੰ ਕਈਆਂ ਦੇ ਮੂੰਹ ਲੱਗਦੀ ਹੈਂ । ਮੇਰੀ ਤਰਫ਼ ਦੇਖ, ਮੈਂ ਇਕ ਵਾਰੀ ਇੱਕੋ ਦੇ ਹੀ ਮੂੰਹ ਲਗਣਾ ਸਿੱਖਿਆ ਹੈ, ਦੁਬਾਰਾ ਹੋਰ ਕਿਸੇ ਦੇ ਮੂੰਹ ਨਹੀਂ ਲੱਗਦਾ, ਟੁਕੜੇ ਟੁਕੜੇ ਹੋ ਜਾਂਦਾ ਹਾਂ, ਮੈਨੂੰ ਫਿਰ ਕੋਈ ਦੂਸਰਾ ਚੰਗਾ ਹੀ ਨਹੀਂ ਲੱਗਦਾ ।

ਭਾਵਾਰਥ : ਦੁਨੀਆਂ ਵਿੱਚ ਐਸੇ ਇਨਸਾਨ ਵੀ ਮੌਜੂਦ ਹਨ, ਜੋ ਕਈ ਥਾਵਾਂ ਤੇ ਆਪਣੇ ਆਪ ਨੂੰ ਜੋੜੀ ਬੈਠੇ ਹਨ । ਦੁਨੀਆਂ ਵਿੱਚ ਥਾਂ ਥਾਂ ਤੇ ਪਿਆਰ ਪਾਈ ਬੈਠੇ ਹਨ ਤੇ ਆਪਣੇ ਆਪ ਨੂੰ ਬੜੇ ਚੰਗੇ ਸਮਝਦੇ ਹਨ । ਪਰ ਕਈ ਐਸੇ ਵੀ ਬੰਦਗੀ ਵਾਲੇ ਹਨ, ਉਹਨਾਂ ਨੇ ਸਿਰਫ਼ ਇੱਕੋ ਪ੍ਰਭੂ ਨਾਲ ਹੀ ਪਿਆਰ ਪਾਇਆ ਹੈ । ਦੁਨੀਆਂ ਨਾਲ ਤਾਂ ਠਾਠਾ-ਬਾਗਾ ਹੀ ਹੈ, ਓਪਰਾ-ਓਪਰਾ ਪਿਆਰ ਹੀ ਹੈ, ਪਰ ਅੰਦਰੋਂ ਬਿਨਾਂ ਪ੍ਰਭੂ ਦੇ ਹੋਰ ਕਿਸੇ ਲਈ ਕੋਈ ਜਗ੍ਹਾ ਨਹੀਂ । ਐਸੇ ਸੇਵਕ ਪ੍ਰਭੂ ਦੇ ਘਰ ਪ੍ਰਵਾਨ ਹੋ ਜਾਂਦੇ ਹਨ ।

ਨਾਨਕ ਮਿਲਿਆ ਸੋ ਜਾਣੀਐ ਗੁਰੂ ਨ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ ॥੧॥

(ਵਾਰ ਮਾਰੂ, ਮਹਲਾ ੩, ਪੰਨਾ ੧੦੮੭)

## ਅਉਗਣਹਾਰੇ ਕੀ ਬੇਨਤੀ

ਰਿੜ੍ਹਦਾ ਚਿੱਕੜ ਨਦੀ ਨੂੰ ਧਾਯਾ, ਨਾਲ ਹਾਂ ਤੇਰੇ ਮਿਲੰਦਾ ।
ਘੂਰੀ ਵੱਟ ਆਖਿਆ ਪਾਣੀ, ਮੈਂ ਉੱਜਲਾ ਤੂੰ ਗੰਦਾ ।
ਮੈਂ ਗੰਦਾ ਤੁਸੀਂ ਉੱਜਲੇ ਐਨੇ, ਸੰਗ ਜੇ ਲਓ ਮਿਲਾਓ ।
ਸੁਭਾਓ ਆਪਣੇ ਵੱਲ ਜੇ ਤੱਕੋ, ਮੈਂ ਕਦੇ ਨਾ ਰਹਿਸਾਂ ਮੰਦਾ ।

ਅਰਥ: ਇਕ ਗੰਦੀ ਨਾਲੀ ਦਾ ਚਿੱਕੜ ਰਿੜ੍ਹਦਾ ਰਿੜ੍ਹਦਾ ਨਦੀ ਨਾਲ ਮਿਲਣ ਲਈ ਅੱਗੇ ਵਧਿਆ । ਅੱਗੋਂ ਪਾਣੀ ਨੇ ਗ਼ੁੱਸੇ ਨਾਲ ਆਖਿਆ, "ਜ਼ਰਾ ਹੋਸ਼ ਕਰ, ਮੈਂ ਇਤਨਾ ਉੱਜਲ, ਸਾਫ਼ ਹਾਂ ਤੇ ਤੂੰ ਇਤਨਾ ਭੈੜਾ ਗੰਦਾ । ਮੇਰੇ ਨਾਲ ਤੇਰਾ ਕੀ ਮੇਲ ?" ਤਾਂ ਚਿੱਕੜ ਵਾਲੇ ਗੰਦੇ ਪਾਣੀ ਨੇ ਕਿਹਾ, "ਹੇ ਸਾਈਂ ! ਮੈਂ ਤਾਂ ਬਹੁਤ ਗੰਦਾ ਹਾਂ, ਤੁਸੀਂ ਇਤਨੇ ਉੱਜਲ ਸਵੱਛ ਹੋ ਕਿ ਜੇ ਤੁਸੀਂ ਮੈਨੂੰ ਆਪਣੇ ਨਾਲ ਮਿਲਾ ਲਓ ਤਾਂ ਮੈਂ ਕਦੀ ਵੀ ਗੰਦਾ ਨਹੀਂ ਰਹਿ ਸਕਦਾ । ਆਪਣੇ ਸਭਾਅ ਵੱਲ ਤਾਂ ਦੇਖੋ, ਤੁਸੀਂ ਮੇਰੇ ਵਰਗੇ ਕਈ ਗੰਦੇ ਨਾਲੇ ਆਪਣੇ ਨਾਲ ਮਿਲਾ ਕੇ ਪਵਿੱਤਰ ਕੀਤੇ ਹਨ ।"

ਭਾਵਾਰਥ: ਜੇਕਰ ਅਸੀਂ ਵੀ ਆਪਣੇ ਜੀਵਨ ਦੀ ਤਰਫ਼ ਗਹੁ ਨਾਲ ਦੇਖੀਏ ਤਾਂ ਸਾਡਾ ਜੀਵਨ ਸਮੁੰਦਰ ਦੇ ਪਾਣੀ ਸਮਾਨ ਅਉਗੁਣਾਂ ਨਾਲ ਭਰਿਆ ਹੋਇਆ ਹੈ । ਅਸੀਂ ਬੜੇ ਹੀ ਪਾਪੀ ਹਾਂ ਤੇ ਪ੍ਰਭੂ ਬਹੁਤ ਹੀ ਪਵਿੱਤਰ ਹੈ, ਸਾਡੀ ਉਸ ਨਾਲ ਬਰਾਬਰੀ ਨਹੀਂ ਹੋ ਸਕਦੀ । ਪਰ ਜੇ ਉਹ ਪ੍ਰਭੂ ਮਿਹਰ ਦੇ ਘਰ ਵਿੱਚ ਆ ਕੇ ਸਾਨੂੰ ਆਪਣੇ ਨਾਲ ਇਕਮਿਕ ਕਰ ਲਵੇ ਤਾਂ ਉਹ ਪਤਿਤ-ਪਾਵਨ ਪ੍ਰਭੂ ਸਾਡੇ ਵੀ ਸਾਰੇ ਪਾਪ ਧੋ ਕੇ ਸਾਨੂੰ ਪਵਿੱਤਰ ਕਰ ਸਕਦਾ ਹੈ । ਹੇ ਪ੍ਰਭੂ ! ਸਾਡੇ ਪਾਪਾਂ ਦੀ ਤਰਫ਼ ਨਾ ਦੇਖ, ਆਪਣੇ ਪਵਿੱਤਰ ਕਰਨ ਵਾਲੇ ਸੁਭਾਅ ਦੀ ਤਰਫ਼ ਦੇਖ ਤੇ ਸਾਨੂੰ ਆਪਣੇ ਨਾਲ ਮਿਲਾ ਕੇ ਸਾਡਾ ਜੀਵਨ ਉੱਚਾ-ਸੁੱਚਾ ਕਰ ਦੇਹ । ਸਤਿਗੁਰੂ ਜੀ ਦਾ ਕਥਨ ਹੈ : ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ

ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥ (ਪੰਨਾ ੮੫੫)

# ਗਤੀਵਿਧੀਆਂ ਜਨਵਰੀ 2017:-

1. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੂਰਬ :-

ੳ) <u>ਪ੍ਰਭਾਤ ਫੇਰੀਆਂ</u> ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਅਰੰਭਤਾ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਤੋਂ **31-12-2016** ਨੂੰ ਹੋਈ ਜਿਸ ਦੀ ਸਮਾਪਤੀ **5-01-2017** ਨੂੰ ਕੀਤੀ ਗਈ। ਸੰਗਤਾ ਨੇ ਵੱਡੀ ਗਿਣਤੀ ਵਿੱਚ ਹਰ ਰੋਜ਼ ਹਾਜ਼ਰੀਆਂ ਭਰੀਆਂ।

ਅ) <u>ਲੜੀਵਾਰ ਗੁਰਮਤਿ ਸਮਾਗਮ</u> :- ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮਾ ਦੀ ਲੜੀ ਮਿਤੀ **31-12-2016** ਤੋਂ **5-1-2016** ਤੱਕ ਹੇਠ ਲਿਖੇ ਅਨੁਸਾਰ ਹੋਈ।

| ਮਿਤੀ | ਕੀਰਤਨ 6-00 ਤੋਂ 6-45 | ਕਥਾ 6-45 ਤੋਂ 7-30 |
|---|---|---|
| 31-12-16 | ਭਾਈ ਕਵਲਜੀਤ ਸਿੰਘ | ਭਾਈ ਗੁਰਪ੍ਰੀਤ ਸਿੰਘ |
| 01-01-17 | ਭਾਈ ਕਮਲਜੀਤ ਸਿੰਘ | ਭਾਈ ਅਵਤਾਰ ਸਿੰਘ |
| 02-01-17 | ਭਾਈ ਗੁਰਪ੍ਰੀਤ ਸਿੰਘ | ਭਾਈ ਹਰਵਿੰਦਰ ਸਿੰਘ |
| 03-01-17 | ਭਾਈ ਹਰਪ੍ਰੀਤ ਸਿੰਘ | ਭਾਈ ਜਤਿੰਦਰ ਸਿੰਘ |
| 04-01-17 | ਭਾਈ ਵਰਿੰਦਰ ਸਿੰਘ | ਭਾਈ ਸੁਖਬੀਰ ਸਿੰਘ |

ੲ) **<u>ਲੜੀ ਦੀ ਸੰਪੂਰਨਤਾ ਦਾ ਸਮਾਗਮ :-</u>** ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਮਿਤੀ 05-01-2017 ( ਵੀਰਵਾਰ) ਨੂੰ ਸ਼ਾਮ 6.00 ਵਜੇ ਤੋਂ 9.00 ਵਜੇ ਤੱਕ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਭਾਈ ਮਨਪ੍ਰੀਤ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਇਲਾਹੀ ਬਾਣੀ ਦੇ ਕੀਰਤਨ ਕੀਤੇ ਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਗੁਰਮਤਿ ਵਿਚਾਰਾ ਰਾਹੀ ਸੇਵਾ ਨਿਭਾਈ। ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

2. ਨਾਨਕਸ਼ਾਹੀ ਜੰਤਰੀ ਅਨੁਸਾਰ ਮਾਘ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਨਾਂਉਦੇ ਹੋਏ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਮਿਤੀ 12-1-2017 ਤੋਂ ਸ਼੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ ਜਿਸ ਦੇ ਭੋਗ 14-1-2017 ਨੂੰ ਸਵੇਰ ਦੇ ਸਮੇਂ ਪਾਏ ਗਏ।

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-1-2017 ਦਿਨ ਵੀਰਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥"ਦੇ ਵਿਸ਼ੇ ਤੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਕੀਰਤਨ ਰਾਹੀਂ ਸੇਵਾ ਨਿਭਾਈ।ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਨੇ ਗੁਰਮਤਿ ਵਿਚਾਰਾ ਰਾਹੀ ਸੇਵਾ ਨਿਭਾਈ। ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਰਾਗ ਰਾਮਕਲੀ

ਪ੍ਰੋ. ਜਸਵਿੰਦਰ ਸਿੰਘ
98141-85854

ਰਾਗ – ਰਾਮਕਲੀ ਥਾਟ – ਭੈਰਉ
ਸੁਰ – ਰਿਸ਼ਭ ਧੈਵਤ ਕੋਮਲ, ਦੋਵੇਂ ਮਧਿਅਮ, ਦੋਵੇਂ ਨਿਸ਼ਾਦ ਬਾਕੀ
ਸ਼ੁਧ ਵਰਜਿਤ ਸੁਰ – ਆਰੋਹ ਵਿਚ ਰਿਸ਼ਭ ਜਾਤੀ – ਸ਼ਾੜਵ– ਸੰਪੂਰਨ
ਵਾਦੀ – ਪੰਚਮ ਸੰਵਾਦੀ ਸੜਜ ਸਮਾਂ – ਦਿਨ ਦਾ ਪਹਿਲਾ ਪਹਿਰ।
ਆਰੋਹ – ਸ, ਗ ਮ ਪ, ਧੁ ਨੀ ਸਂ।
ਅਵਰੋਹ – ਸਂ ਨੀ ਧੁ ਪ, ਮੇ ਪ, ਧੁ ਨੀ ਧੁ ਪ, ਗ ਮ ਰੇੁ ਸ।
ਪਕੜ – ਪ, ਮੇ ਪ ਧੁ ਨੀ ਧ ਪ, ਮ ਪ ਗ ਮ ਰੇ ਸ ।

## ਰਾਗ ਰਾਮਕਲੀ ਮੱਤ ਤਾਲ ਮੱਧ ਲੈਅ

| ਤਾਲ | 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|---|
| ਚਿੰਨ੍ਹ | X | | 2 | | | 3 | | | |
| ਸਥਾਈ | ਗਮ | ਧੁ | ਪ | ਮੇ | ਪ | ਮ | ਗਮ | ਰੇੁ | ਸ |
| | ਰਾS | ਜਾ | ਰਾ | S | ਮ | ਕੀ | ਸਰ | ਣਾ | ਈ |
| | .ਧੁ.ਧੁ | .ਨੀ.ਨੀ | ਸ | ਰੇੁ | ਸ | ਮਗ | ਪਮ | ਧੁ | ਪਪ |
| | ਨਿਰ | ਭਉ | ਭ | ਏ | ਗੋ | ਬਿੰਦ | ਗੁਨ | ਗਾ | ਵਤ |
| | ਧੁਨੀ | ਸਂ | ਮੇਪ | ਧੁਨੀ | ਧੁਪ | ਗ | ਮਗ | ਰੇੁ | ਸ |
| | ਸਾS | ਧ | ਸੰS | ਗS | SS | ਦੁ | ਖS | ਜਾ | ਇ |
| ਅੰਤਰਾ | ਮ | ਪ | ਧੁ | ਧੁ | ਨੀ | ਸਂ | ਸਂਸਂ | ਰੇੁਂ | ਸਂ |
| | ਜਾ | ਕੈ | ਰਾ | ਮ | ਬ | ਸੈ | ਮਨ | ਮਾ | ਹੀ |
| | ਨੀ | ਸਂਸਂ | ਨੀਸਂ | ਧੁ | ਪ | ਪਧੁ | ਮੇਪ | ਮਗ | ਰੇੁਸ |
| | ਸੋ | ਜਨ | ਦੁS | ਤ | ਰ | ਪੇS | ਖਤ | ਨਾS | ਹੀS |

ਪੰਨਾ ੮੯੯ ॥ ਰਾਮਕਲੀ ਮਹਲਾ ੫

ਰਾਜਾ ਰਾਮ ਕੀ ਸਰਣਾਇ ॥ ਨਿਰਭਉ ਭਏ ਗੋਬਿੰਦ ਗੁਨ ਗਾਵਤ ਸਾਧਸੰਗਿ ਦੁਖੁ ਜਾਇ ॥੧॥ ਰਹਾਉ ॥ ਜਾ ਕੈ ਰਾਮੁ ਬਸੈ ਮਨ ਮਾਹੀ ॥ ਸੋ ਜਨੁ ਦੁਤਰੁ ਪੇਖਤ ਨਾਹੀ ॥ ਸਗਲੇ ਕਾਜ ਸਵਾਰੇ ਅਪਨੇ ॥ ਹਰਿ ਹਰਿ ਨਾਮੁ ਰਸਨ ਨਿਤ ਜਪਨੇ ॥੧॥ ਜਿਸ ਕੈ ਮਸਤਕਿ ਹਾਥੁ ਗੁਰੁ ਧਰੈ ॥ ਸੋ ਦਾਸੁ ਅਦੇਸਾ ਕਾਹੇ ਕਰੈ ॥ ਜਨਮ ਮਰਣ ਕੀ ਚੂਕੀ ਕਾਣਿ ॥ ਪੂਰੈ ਗੁਰ ਊਪਰਿ ਕੁਰਬਾਣ ॥੨॥ ਗੁਰੁ ਪਰਮੇਸਰੁ ਭੇਟਿ ਨਿਹਾਲ ॥ ਸੋ ਦਰਸਨੁ ਪਾਏ ਜਿਸੁ ਹੋਇ ਦਇਆਲੁ ॥ ਪਾਰਬ੍ਰਹਮੁ ਜਿਸੁ ਕਿਰਪਾ ਕਰੈ ॥ ਸਾਧਸੰਗਿ ਸੋ ਭਵਜਲੁ ਤਰੈ ॥੩॥ ਅੰਮ੍ਰਿਤੁ ਪੀਵਹੁ ਸਾਧ ਪਿਆਰੇ ॥ ਮੁਖ ਊਜਲ ਸਾਚੈ ਦਰਬਾਰੇ ॥ ਅਨਦ ਕਰਹੁ ਤਜਿ ਸਗਲ ਬਿਕਾਰ ॥ ਨਾਨਕ ਹਰਿ ਜਪਿ ਉਤਰਹੁ ਪਾਰਿ ॥੪॥੪੨॥੫੩॥

## ਫਰਵਰੀ ਮਹੀਨੇ ਦੇ ਸਮਾਗਮ:–

1. **ਨਾਨਕਸ਼ਾਹੀ ਜੰਤਰੀ ਅਨੁਸਾਰ ਫੱਗਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:–**

ਮਿਤੀ 12-02-2017 ਦਿਨ ਐਤਵਾਰ ਨੂੰ ਸ਼ਾਮ 6.00 ਤੋਂ 8.30 ਤੱਕ **"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ"** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਅਯੋਜਿਤ ਕੀਤਾ ਜਾਵੇਗਾ।ਉਪ੍ਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜਨਵਰੀ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 57 | 125 | 182 |
| 2 | Eye | 18 | 20 | 38 |
| 3 | Cardiology | 09 | 48 | 57 |
| 4 | Dental | 21 | 68 | 89 |
| 5 | Gynaecology | 07 | 14 | 21 |
| 6 | Homoeopathy | 18 | 200 | 218 |
| 7 | Physiotherapy | 03 | 07 | 10 |
| | Total | 133 | 482 | 615 |
| | Laboratory | 39 | - | 39 |

## ਧੰਨਵਾਦਿ :

## ਜਨਵਰੀ 2017 ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Avtar Singh #176/Shimla Home/ Mundi Kharar 1,000/-
2. S. Tejpal Singh #3203/Sec.46C/Chd 2,100/-
3. Bibi Kulwant Kaur #1660/Sec 34D/Chd 500/-
4. S. Tarundeep Singh Sachar #EA-136/ Maya Enclave/New Delhi 20,000/-
5. All Indian Sikh Federation(Regd.) D-9(G.F.) Green Park Main New Delhi 21,000/-
6. Mrs. Ruchika Wasan Kaur #K-3113/Model Town/Delhi 20,000/-
7. S. Harsharnpal Singh Bhatia #461/Sec. 44A/Chd 16,000/-
8. S. Narinder Bir Singh #1444/Sec 34C/Chd 1,000/-
9. Bibi Surjit Kaur #1444/Sec 34C/Chd 1,000/-
10. S. Satnam Singh/Mundi Kharar 100/-
11. S. Naunihal Singh/ Mundi Kharar 500/-
12. S. Amarjit Singh/ Mundi Kharar 100/-
13. Bibi Gurnoor Kaur/ Mundi Kharar 100/-
14. S. Jagjit Singh/Mundi Kharar 100/-
15. Bibi Manjit Kaur Bindra #1655/Sec.34D/Chd 1,000/-
16. S. Inderjit Singh #3525/Sec. 38D/Chd 2,100/-
17. M/S Macrobiotic Systems & Software SCO 229(FF)/Sec.40C/Chd 3,000/-
18. Col. H.S Uppal #306/Sec. 33A/Chd 40,000/-
19. S. Satnam Singh/ Mundi Kharar 100/-
20. S. Lovepreet Singh/ Mundi Kharar 100/-
21. S. Jagjit Singh/ Mundi Kharar 100/-
22. S. Darshan Singh/ Mundi Kharar 100/-
23. S. Manmohan Singh #1047/Sec. 44B/Chd 500/-
24. S. Dhanwant Singh #447/Phase -4/Mohali 500/-
25. Bibi Rajleen Kaur #836/Phase II/Mohali 500/-
26. Bibi. Harleen Kaur Sarna #107G, Shivalik Vihar Naya Goan, Mohali 500/-
27. Bibi Harpreet Kaur #461/Sec 44A/Chd 1,000/-
28. Bibi Gurdeep Kaur #461/Sec. 44A/Chd 1,000/-

**ਬੇਨਤੀ**

**ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।**